# ਕੈਲੀਫੋਰਨੀਆ ਸਮਾਗਮ ਸਥਲ ਅਨੁਦਾਨ ਪ੍ਰੋਗਰਾਮ

ਇਸ ਪ੍ਰੋਗਰਾਮ ਨੂੰ ਕੈਲੀਫੋਰਨੀਆ ਰਾਜ ਦੁਆਰਾ ਵਿੱਤ ਪੋਸ਼ਿਤ ਕੀਤਾ ਗਿਆ ਹੈ ਅਤੇ ਇਸ ਦਾ ਸੰਚਾਲਨ CalOSBA ਦੁਆਰਾ ਕੀਤਾ ਜਾਂਦਾ ਹੈ।




# ਪ੍ਰੋਗਰਾਮ ਅਤੇ ਐਪਲੀਕੇਸ਼ਨ ਗਾਈਡ

(ਸੰਸ. 11.14.22)

# ਪ੍ਰੋਗਰਾਮ ਬਾਰੇ ਸੰਖੇਪ ਜਾਣਕਾਰੀ

ਕੈਲੀਫੋਰਨੀਆ ਸਮਾਗਮ ਸਥਲ ਅਨੁਦਾਨ ਪ੍ਰੋਗਰਾਮ ("ਪ੍ਰੋਗਰਾਮ")**ਯੋਗ ਸੁਤੰਤਰ ਲਾਈਵ ਸਮਾਗਮ ਸਥਲ** ਜੋ ਕਿ ਕੋਵਿਡ-19 ਤੋਂ ਪ੍ਰਭਾਵਿਤ ਹੋਏ ਹਨ, ਦਾ ਸਮਰਥਨ ਕਰੇਗਾ ਤਾਂ ਜੋ ਕਿ ਉਨ੍ਹਾਂ ਦੇ ਨਿਰੰਤਰ ਸੰਚਾਲਨ ਦੀ ਸਹਾਇਤਾ ਕੀਤੀ ਜਾ ਸਕੇ।

ਅਨੁਦਾਨ ਵੰਡਣਾ

ਇਸ ਪ੍ਰੋਗਰਾਮ ਦੇ ਤਹਿਤ ਵੰਡੀ ਗਈ ਅਨੁਦਾਨ **ਦੋ ਲੱਖ ਪੰਜਾਹ ਹਜ਼ਾਰ ਡਾਲਰ ($250,000) ਤੋਂ ਘੱਟਜਾਂ ਫਿਰ** ਕੈਲੀਫੋਰਨੀਆ ਵਿੱਚ 2019 ਕਰ ਯੋਗ ਸਾਲ ਲਈ **ਬਿਨੇਕਾਰ ਦੀ ਸਮੁੱਚੀ ਕਮਾਈ ਹੋਈ ਆਮਦਨ ਦੇ 20 ਫੀਸਦੀ (20%) ਦੇ ਬਰਾਬਰ ਹੋਵੇਗਾ।**

ਪ੍ਰੋਗਰਾਮ ਦੀ ਤਰਜੀਹ ਨਿਰਧਾਰਿਤ ਕਰਨਾ

ਤਰਜੀਹ ਨਿਰਧਾਰਿਤ ਕਰਨਾ ਰਾਜ ਅਤੇ ਸੰਘੀ ਸਮਾਨਤਾ ਸੁਰੱਖਿਆ ਕਾਨੂੰਨਾਂ ਦੇ ਤਹਿਤ ਅਨੁਮਤ ਸੀਮਾ ਤੱਕ ਨਿਮਨਲਿਖਤ ਮਾਨਦੰਡਾਂ 'ਤੇ ਆਧਾਰਿਤ ਹੋਵੇਗੀ:
ਯੋਗ ਸੁਤੰਤਰ ਲਾਈਵ ਸਮਾਗਮਾਂ ਲਈ ਅਨੁਦਾਨ ਦੀ ਤਰਜੀਹ, 2019 ਦੇ Q2, Q3 ਅਤੇ Q4 ਵਿੱਚ ਕੈਲੀਫੋਰਨੀਆ ਦੀ ਸਮੁੱਚੀ ਕਮਾਈ ਹੋਈ ਆਮਦਨ ਅਤੇ 2020 ਦੇ Q2, Q3, ਅਤੇ Q4 ਵਿੱਚ ਕੈਲੀਫੋਰਨੀਆ ਦੀ ਸਮੁੱਚੀ ਕਮਾਈ ਹੋਈ ਆਮਦਨ ਦੀ ਰਿਪੋਰਟਿੰਗ ਮਿਆਦਾਂ ਦੀ ਤੁਲਨਾ ਦੇ ਆਧਾਰ 'ਤੇ ਪ੍ਰਲੇਖਿਤ ਸਮੁੱਚੀ ਕਮਾਈ ਹੋਈ ਆਮਦਨ ਦੀ ਫੀਸਦੀ ਗਿਰਾਵਟ ਅਨੁਸਾਰ ਨਿਰਧਾਰਿਤ ਕੀਤੀ ਜਾਵੇਗੀ।

ਐਪਲੀਕੇਸ਼ਨ ਪ੍ਰਕਿਰਿਆ

- ਯੋਗ ਸੁਤੰਤਰ ਲਾਈਵ ਸਮਾਗਮ ਬਿਨੇਕਾਰ ਇਸ ਪ੍ਰੋਗਰਾਮ ਦੇ ਤਹਿਤ ਵੰਡੀ ਗਈ ਅਨੁਦਾਨ ਲਈ ਇਕ ਅਲੱਗ ਅਤੇ ਨਵੀਂ ਐਪਲੀਕੇਸ਼ਨ ਨੂੰ ਪੂਰਾ ਕਰਨਗੇ, ਭਾਵੇਂ ਹੀ ਉਨ੍ਹਾਂ ਨੇ ਕੈਲੀਫੋਰਨੀਆ ਸਰਕਾਰ ਸੰਹਿਤਾ ਦੀ ਧਾਰਾ 12100.83 ਵਿੱਚ ਸਥਾਪਿਤ ਕੈਲੀਫੋਰਨੀਆ ਲਗੁ ਵਪਾਰ ਕੋਵਿਡ-19 ਰਾਹਤ ਅਨੁਦਾਨ ਪ੍ਰੋਗਰਾਮ (California Small Business COVID-19 Relief Grant Program) ਲਈ ਪਹਿਲਾਂ ਤੋਂ ਹੀ ਇਕ ਐਪਲੀਕੇਸ਼ਨ ਜਮ੍ਹਾਂ ਕੀਤੀ ਹੋਵੇ।

- ਜੇਕਰ ਕੈਲੀਫੋਰਨੀਆ ਸਰਕਾਰ ਸੰਹਿਤਾ ਦੀ ਧਾਰਾ 12100.83 ਵਿੱਚ ਸਥਾਪਿਤ ਕੈਲੀਫੋਰਨੀਆ ਲਘੂ ਵਪਾਰ ਕੋਵਿਡ-19 ਰਾਹਤ ਅਨੁਦਾਨ ਪ੍ਰੋਗਰਾਮ ਦੇ ਤਹਿਤ ਇਕ ਯੋਗ ਸੁੰਤਤਰ ਲਾਈਵ ਸਮਾਗਮ ਨੂੰ ਅਨੁਦਾਨ ਦਿੱਤੀ ਗਈ ਹੈ, ਤਾਂ ਉਸ ਅਨੁਦਾਨ ਦੀ ਰਾਸ਼ੀ ਨੂੰ ਇਸ ਪ੍ਰੋਗਰਾਮ ਦੇ ਤਹਿਤ ਪ੍ਰਦਾਨ ਕੀਤੀ ਗਈ ਅਨੁਦਾਨ ਰਾਸ਼ੀ ਤੋਂ ਘਟਾ ਦਿੱਤਾ ਜਾਵੇਗਾ। ਜੇਕਰ ਕੈਲੀਫੋਰਨੀਆ ਸਰਕਾਰ ਸੰਹਿਤਾ ਦੀ ਧਾਰਾ 12100.83 ਦੇ ਤਹਿਤ ਪ੍ਰਦਾਨ ਕੀਤੀ ਗਈ ਅਨੁਦਾਨ ਰਾਸ਼ੀ ਇਸ ਪ੍ਰੋਗਰਾਮ ਦੇ ਤਹਿਤ ਪ੍ਰਦਾਨ ਕੀਤੀ ਗਈ ਰਾਸ਼ੀ ਤੋਂ ਵੱਧ ਹੈ, ਤਾਂ ਪਾਤਰ ਸੁਤੰਤਰ ਲਾਈਵ ਸਮਾਗਮ ਨੂੰ ਇਸ ਪ੍ਰੋਗਰਾਮ ਦੇ ਤਹਿਤ ਕੋਈ ਰਾਸੀ ਹਾਸਲ ਨਹੀਂ ਹੋਵੇਗੀ ਅਤੇ ਕੋਈ ਵੀ ਰਾਸ਼ੀ ਘਟਾਈ ਨਹੀਂ ਜਾਵੇਗੀ।

*ਅਗਲੇ ਪੇਜ ਨੂੰ ਜਾਰੀ ਰੱਖੋ*

# ਪਰਿਭਾਸ਼ਾਵਾਂ: "*ਪਾਤਰ ਸਮਾਗਮ ਸਥਲ*"

ਇਸ ਪ੍ਰੋਗਰਾਮ ਦੇ ਪ੍ਰਾਯੋਜਨਾਂ ਲਈ, "***ਪਾਤਰ ਸਮਾਗਮ ਸਥਲ***" ਦਾ ਅਰਥ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਵਾਲਾ ਸਥਾਨ ਹੋਵੇਗਾ:

1. ਇਕ ਪਰਿਭਾਸ਼ਿਤ ਪ੍ਰਦਰਸ਼ਨ ਅਤੇ ਦਰਸ਼ਕਾਂ ਦੀ ਜਗ੍ਹਾ
2. ਮਿਕਸਿੰਗ ਉਪਕਰਨ, ਇਕ ਜਨ ਸੂਚਨਾ ਸਿਸਟਮ, ਅਤੇ ਇਕ ਲਾਈਟਿੰਗ ਰਿਗ।
3. ਨਿਮਨਲਿਖਤ ਭੂਮਿਕਾਵਾਂ ਵਿੱਚੋਂ ਘੱਟ ਤੋਂ ਘੱਟ ਦੋ ਭੂਮਿਕਾਵਾਂ ਨਿਭਾਉਣ ਲਈ ਇਕ ਜਾਂ ਵਧੇਰੇ ਵਿਅਕਤੀਆਂ ਨੂੰ ਨਿਯੁਕਤ ਕਰਦਾ ਹੈ:
   - ਇਕ ਸਾਊਂਡ ਇੰਜੀਨੀਅਰ।
   - ਇਕ ਬੁੱਕਰ।
   - ਇਕ ਪ੍ਰੋਮੋਟਰ।
   - ਇਕ ਸਟੇਜ ਮੈਨੇਜਰ।
   - ਸੁਰੱਖਿਆ ਕਰਮਚਾਰੀ।
   - ਇਕ ਬਾਕਸ ਆਫਿਸ ਮੈਨੇਜਰ।
4. ਬਿਨੇਕਾਰ ਨਾਲ ਜੁੜੀਆਂ 3 ਸਭ ਤੋਂ ਵੱਧ ਆਮਦਨ ਵਾਲੀਆਂ ਸੰਸਥਾਵਾਂ, ਸਥਾਨ ਜਾਂ ਫਿਰ ਫ੍ਰੈਂਚਾਈਜ਼ੀ ਵਿੱਚੋਂ ਇਕ ਹੈ।
5. ਇਕ ਗੈਰ-ਲਾਭਕਾਰੀ ਸੰਸਥਾ ਦੀ ਮਾਲਕੀਅਤ ਵਾਲੇ ਜਾਂ ਸੰਚਾਲਿਤ ਇਕ ਸਮਾਗਮ ਸਥਲ ਲਈ, ਜੋ ਕਿ ਮੁਫਤ ਸਮਾਗਮ ਉਤਪੰਨ ਕਰਦਾ ਹੈ, ਸਮਾਗਮ ਮੁੱਖ ਰੂਪ ਵਿੱਚ ਵੇਤਨ ਵਾਲੇ ਕਰਮਚਾਰੀਆਂ ਦੁਆਰਾ ਨਿਰਮਿਤ ਅਤੇ ਪ੍ਰਬੰਧਿਤ ਕੀਤੇ ਜਾਂਦੇ ਹਨ, ਸਵੈਸੇਵਕਾਂ ਦੁਆਰਾ ਨਹੀਂ।

# ਪਰਿਭਾਸ਼ਾਵਾਂ: "*ਯੋਗ ਸੁਤੰਤਰ ਲਾਈਵ ਸਮਾਗਮ*"

ਇਸ ਪ੍ਰੋਗਰਾਮ ਦੇ ਪ੍ਰਾਯੋਜਨਾਂ ਲਈ, "***ਯੋਗ ਸੁਤੰਤਰ ਲਾਈਵ ਸਮਾਗਮ***" ਦਾ ਅਰਥ ਇਕ ਅਜਿਹੀ ਸੰਸਥਾ ਤੋਂ ਹੈ ਜੋ ਕਿ ਨਿਮਨਲਿਖਤ ਸਾਰਿਆਂ ਨੂੰ ਸੰਤੁਸ਼ਟ ਕਰਦੀ ਹੈ:

1. ਇਕ ਇਕੱਲੇ ਮਾਲਕ, ਸੀ-ਕਾਰਪੋਰੇਸ਼ਨ, ਐਸ-ਕਾਰਪੋਰੇਸ਼ਨ, ਸਹਿਕਾਰੀ, ਲਿਮਟਡ ਲਾਇਆਬਿਲਿਟੀ ਕੰਪਨੀ, ਪਾਰਟਨਰਸ਼ਿਪ, ਲਿਮਟਡ ਪਾਰਟਨਰਸ਼ਿਪ, ਜਾਂ ਇਕ ਪੰਜੀਕਰਿਤ 501(c)(3) ਗੈਰ-ਲਾਭਕਾਰੀ ਸੰਸਥਾ ਜੋ ਕਿ ਕੈਲੀਫੋਰਨੀਆ ਸਰਕਾਰ ਸੰਹਿਤਾ ਦੀ ਧਾਰਾ 12100.82 ਦੇ ਉਪ-ਖੰਡ (g) ਦੇ ਪੈਰਾਗਰਾਫ (1) ਸਮੇਤ ਉਪ-ਪੈਰਾਗਰਾਫ (B) ਤੋਂ (F) ਵਿੱਚ ਪਰਿਭਾਸ਼ਿਤ ਮਾਨਦੰਡਾਂ ਨੂੰ ਪੂਰਾ ਕਰਦੀ ਹੈ।

2. ਨਿਮਨਲਿਖਤ ਉੱਤਰੀ ਅਮਰੀਕੀ ਉਦਯੋਗ ਵਰਗੀਕਰਨ ਸਿਸਟਮ ((North American Industry Classification System-NAICS) ਜਾਂ ਰਾਸ਼ਟਰੀ ਟੈਕਸੋਨੋਮੀ ਛੋਟ-ਪ੍ਰਾਪਤ ਸੰਸਥਾਵਾਂ (National Taxonomy of Exempt Entities-NTEE) ਸੰਹਿਤਾ ਵਿੱਚੋਂ ਕੋਈ ਹੈ, ਜਿਸ ਵਿੱਚ ਸ਼ਾਮਲ ਹਨ:
   - 512131 – ਮੋਸ਼ਨ ਪਿਕਚਰ ਥਿਏਟਰਸ (ਡਰਾਈਵ-ਇਨ ਨੂੰ ਛੱਡ ਕੇ)।
   - 512132 – ਡਰਾਈਵ-ਇਨ ਮੋਸ਼ਨ ਪਿਕਚਰ ਥਿਏਟਰਸ।
     - ਜੋ ਸੰਸਥਾ ਇਸ ਧਾਰਾ ਦੇ ਤਹਿਤ ਯੋਗ ਹੈ, ਉਹ ਇਕ ਪ੍ਰਮਾਣਿਕ ਡਰਾਈਨ-ਇਨ ਮੋਸ਼ਨ ਪਿਕਚਰ ਥਿਏਟਰ ਹੋਵੇਗਾ। ਇਸ ਧਾਰਾ ਦੇ ਪ੍ਰਯੋਜਨ ਲਈ, "ਪ੍ਰਮਾਣਿਕ ਡਰਾਈਵ-ਇਨ ਮੋਸ਼ਨ ਪਿਕਚਰ ਥਿਏਟਰ" ਦਾ ਅਰਥ ਹੈ ਸਥਾਈ ਰੂਪ ਵਿੱਚ ਨਿਰਮਿਤ ਵਪਾਰਕ ਮੋਸ਼ਨ ਪਿਕਚਰ ਡਰਾਈਵ-ਇਨ ਥਿਏਟਰ, ਜਿਸ ਦਾ ਮੁੱਖ ਉਦੇਸ਼ ਪੇਸ਼ੇਵਰ ਡਿਜੀਟਲ ਸਿਨੇਮਾ ਪਹਿਲਾ (Digital Cinema Initiatives- DCI) ਅਨੁਰੂਪ ਡਿਜੀਟਲ ਪ੍ਰੋਜੈਕਟਰ ਜਾਂ ਫਿਰ 35 ਐਮਐਮ ਜਾਂ 70 ਐਮਐਮ ਫਿਲਮ ਪ੍ਰੋਜੈਕਟਰ ਦਾ ਉਪਯੋਗ ਕਰਦੇ ਹੋਏ, ਵਾਹਨਾਂ ਵਿੱਚ ਬੈਠੇ ਸਦਰਸ਼ਕਾਂ ਲਈ ਮੋਸ਼ਨ ਪਿਕਚਰ ਦੀ ਬਾਹਰੀ ਪ੍ਰਦਰਸ਼ਨੀ ਕਰਨਾ ਹੈ।
   - 7111 - ਪ੍ਰਦਰਸ਼ਨ ਕਲਾ ਕੰਪਨੀਆਂ।
   - 711110 - ਥੀਏਟਰ ਕੰਪਨੀਜ਼ ਅਤੇ ਡਿਨਰ ਥੀਏਟਰਜ਼।
   - 711120 - ਡਾਂਸ ਕੰਪਨੀਆਂ।
   - 711130 - ਸੰਗੀਤ ਸਮੂਹ ਅਤੇ ਕਲਾਕਾਰ।
   - 711211 – ਖੇਡ ਟੀਮਾਂ ਅਤੇ ਕਲੱਬ।

*ਅਗਲੇ ਪੇਜ ਨੂੰ ਜਾਰੀ ਰੱਖੋ*

# ਪਰਿਭਾਸ਼ਾਵਾਂ: "*ਯੋਗ ਸੁਤੰਤਰ ਲਾਈਵ ਸਮਾਗਮ*"

- 7113 – ਪ੍ਰਦਰਸ਼ਨ ਕਲਾ, ਖੇਡ ਅਤੇ ਇਸੇ ਤਰ੍ਹਾਂ ਦੇ ਸਮਾਗਮ ਦੇ ਪ੍ਰੋਮੋਟਰ।
- 711310 – ਸਹੂਲਤਾਂ ਨਾਲ ਪ੍ਰਦਰਸ਼ਨ ਕਲਾ, ਖੇਡ ਅਤੇ ਇਸੇ ਤਰ੍ਹਾਂ ਦੇ ਸਮਾਗਮ ਦੇ ਪ੍ਰੋਮੋਟਰ।
- 711320 - ਸਹੂਲਤਾਂ ਤੋਂ ਬਗੈਰ ਪ੍ਰਦਰਸ਼ਨ ਕਲਾ, ਖੇਡ ਅਤੇ ਇਸੇ ਤਰ੍ਹਾਂ ਦੇ ਸਮਾਗਮ ਦੇ ਪ੍ਰੋਮੋਟਰ।
- 7139 – ਹੋਰ ਮਨੋਰੰਜਨ ਅਤੇ ਰੀਕਰੀਏਸ਼ਨ ਉਦਯੋਗ।
- 713990 – ਹੋਰ ਸਾਰੇ ਮਨੋਰੰਜਨ ਅਤੇ ਰੀਕਰੀਏਸ਼ਨ।
- 722410 – ਡਰਿੰਕਿੰਗ ਵਾਲੀਆਂ ਥਾਵਾਂ (ਅਲਕੋਹਲ ਵਾਲੇ ਪੀਣ ਵਾਲੇ ਪਦਾਰਥ)।
- 722511 – ਪੂਰੀ ਸਰਵਿਸ ਵਾਲੇ ਰੈਸਟੋਰੈਂਟ।

- A20 – ਕਲਾ, ਸੱਭਿਆਚਾਰਕ ਸੰਗਠਨ - ਬਹੁਉਦੇਸ਼ੀ।
- A23 – ਸੱਭਿਆਚਾਰਕ, ਜਾਤੀ ਜਾਗਰੂਕਤਾ।
- A25 – ਕਲਾ ਸਿੱਖਿਆ।
- A50 – ਮਿਊਜ਼ੀਅਮ।
- A54 – ਇਤਿਹਾਸਕ ਮਿਊਜ਼ੀਅਮ।
- A56 – ਕੁਦਰਤੀ ਇਤਿਹਾਸ, ਕੁਦਰਤੀ ਸਾਇੰਸ ਮਿਊਜ਼ੀਅਮ।
- A60 – ਪ੍ਰਦਰਸ਼ਨ ਕਲਾ ਸੰਗਠਨ।
- A61 – ਪ੍ਰਦਰਸ਼ਨ ਕਲਾ ਕੇਂਦਰ।
- A62 - ਡਾਂਸ।
- A63 - ਬੈਲੇ।
- A65 - ਥੀਏਟਰ।
- A68 - ਸੰਗੀਤ।
- A69 - ਸਿੰਫਨੀ ਆਰਕੈਸਟਰਾ।
- A6A - ਓਪੇਰਾ।
- A6B - ਗਾਇਨ, ਕੋਰਲ।
- A6C – ਸੰਗੀਤ ਸਮੂਹ, ਬੈਂਡਸ, ਕਲਾਕਾਰਾਂ ਦੀ ਟੁਕੜੀਆਂ।
- A90 – ਕਲਾ ਸੇਵਾ ਸੰਗਠਨ ਅਤੇ ਗਤੀਵਿਧੀਆਂ।

*ਅਗਲੇ ਪੇਜ ਨੂੰ ਜਾਰੀ ਰੱਖੋ*

# ਪਰਿਭਾਸ਼ਾਵਾਂ: *"ਯੋਗ ਸੁਤੰਤਰ ਲਾਈਵ ਸਮਾਗਮ"*

3. ਹੇਠ ਲਿਖਿਆਂ ਵਿੱਚੋਂ ਕੋਈ ਵੀ ਹੈ:
   - ਇਕ ਵਿਅਕਤੀ ਜਾਂ ਸੰਸਥਾ ਜੋ ਕਿ ਹੇਠ ਲਿਖੇ ਦੋਨਾਂ ਮਾਨਦੰਡਾਂ ਨੂੰ ਪੂਰਾ ਕਰਦੀ ਹੈ:
     - ਇਕ ਮੁੱਖ ਵਪਾਰਕ ਗਤੀਵਿਧੀ ਦੇ ਰੂਪ ਵਿੱਚ, ਇਕ ਯੋਗ ਸਥਾਨ 'ਤੇ ਕਲਾਕਾਰਾਂ ਦਾ ਪ੍ਰਦਰਸ਼ਨ ਕਰ ਕੇ ਲਾਈਵ ਕੰਸਰਟ, ਕਾਮੇਡੀ ਸ਼ੋਅ, ਨਾਟਕ ਪੇਸ਼ਕਾਰੀਆਂ, ਜਾਂ ਹੋਰ ਪ੍ਰੋਗਰਾਮਾਂ ਦਾ ਆਯੋਜਨ, ਪ੍ਰਚਾਰ, ਨਿਰਮਾਣ, ਪ੍ਰਬੰਧਨ ਜਾਂ ਮੇਜ਼ਬਾਨੀ ਕਰਦਾ ਹੈ, ਜਿੱਥੇ ਕਿ ਹੇਠ ਲਿਖੇ ਦੋਨੋਂ ਹੁੰਦੇ ਹਨ: (ਕ) ਇਕ ਕਵਰ ਚਾਰਜ ਰਾਹੀਂ ਟਿਕਟਿੰਗ ਜਾਂ ਫਿਰ ਮੁੱਖ ਦਰਵਾਜ਼ੇ ਵਿੱਚ ਦਾਖਲਾ ਫੀਸ ਲਾਗੂ ਹੁੰਦੀ ਹੈ; ਅਤੇ (ਖ) ਕਲਾਂਕਾਰਾਂ ਨੂੰ ਭੁਗਤਾਨ ਕੀਤਾ ਜਾਂਦਾ ਹੈ।
     - ਵਿਅਕਤੀ ਜਾਂ ਸੰਸਥਾ ਦੇ ਕਮਾਏ ਗਏ ਮਾਲੀਏ ਦਾ ਘੱਟ ਤੋਂ ਘੱਟ 70 ਫੀਸਦੀ ਕਵਰ ਸ਼ੁਲਕ ਜਾਂ ਟਿਕਟ ਵਿਕਰੀ, ਉਤਪਾਦਨ ਸ਼ੁਲਕ ਜਾਂ ਉਤਪਾਦਨ ਭਰਪਾਈ, ਸਮਾਗਮ ਬੇਵਰੇਜਸ, ਭੋਜਨ ਜਾਂ ਮਾਲ ਦੀ ਵਿਕਰੀ ਦੇ ਮਾਧਿਅਮ ਨਾਲ ਉਤਪੰਨ ਹੁੰਦਾ ਹੈ।
   - ਇਕ ਵਿਅਕਤੀ ਜਾਂ ਸੰਸਥਾ ਜੋ ਕਿ ਇਕ ਪ੍ਰਮੁੱਖ ਵਪਾਰਕ ਗਤੀਵਿਧੀ ਦੇ ਰੂਪ ਵਿੱਚ, ਸਮਾਗਮ ਲਈ ਟਿਕਟ ਉਪਲੱਬਧ ਕਰਵਾਉਂਦੀ ਹੈ ਜੋ ਕਿ ਸਮਾਗਮ ਦੀ ਤਾਰੀਕ ਤੋਂ ਘੱਟ ਤੋਂ ਘੱਟ 30 ਦਿਨ ਪਹਿਲਾਂ ਜਨਤਾ ਦੁਆਰਾ ਖਰੀਦ ਲਈ ਉਪਲੱਬਧ ਹੁੰਦੀ ਹੈ, ਅਤੇ ਜੋ ਨਿਮਨਲਿਖਤ ਦੋਨਾਂ ਨੂੰ ਪੂਰਾ ਕਰੇਗੀ:
     - ਇਕ ਮੁੱਖ ਵਪਾਰਕ ਗਤੀਵਿਧੀ ਦੇ ਰੂਪ ਵਿੱਚ, ਇਕ ਯੋਗ ਸਥਾਨ 'ਤੇ ਕਲਾਕਾਰਾਂ ਦਾ ਪ੍ਰਦਰਸ਼ਨ ਕਰ ਕੇ ਲਾਈਵ ਕੰਸਰਟ, ਕਾਮੇਡੀ ਸ਼ੋਅ, ਨਾਟਕ ਪੇਸ਼ਕਾਰੀਆਂ, ਜਾਂ ਹੋਰ ਪ੍ਰੋਗਰਾਮਾਂ ਦਾ ਆਯੋਜਨ, ਪ੍ਰਚਾਰ, ਨਿਰਮਾਣ, ਪ੍ਰਬੰਧਨ ਜਾਂ ਮੇਜ਼ਬਾਨੀ ਕਰਦਾ ਹੈ, ਜਿੱਥੇ ਕਿ ਹੇਠ ਲਿਖੇ ਦੋਨੋਂ ਹੁੰਦੇ ਹਨ: (ਕ) ਇਕ ਕਵਰ ਚਾਰਜ ਰਾਹੀਂ ਟਿਕਟਿੰਗ ਜਾਂ ਫਿਰ ਮੁੱਖ ਦਰਵਾਜ਼ੇ ਵਿੱਚ ਦਾਖਲਾ ਫੀਸ ਲਾਗੂ ਹੁੰਦੀ ਹੈ; ਅਤੇ (ਖ) ਕਲਾਂਕਾਰਾਂ ਨੂੰ ਭੁਗਤਾਨ ਕੀਤਾ ਜਾਂਦਾ ਹੈ।
     - ਕਲਾਕਾਰਾਂ ਨੂੰ ਉਸ ਰਾਸ਼ੀ ਦਾ ਭੁਗਤਾਨ ਕੀਤਾ ਜਾਂਦਾ ਹੈ ਜੋ ਕਿ ਵਿਕਰੀ ਦੀ ਫੀਸਦੀ, ਲਿਖਤ ਗਾਰੰਟੀ ਜਾਂ ਮਾਨਕ ਕਰਾਰਨਾਮੇ, ਜਾਂ ਕਿਸੇ ਹੋਰ ਪਰਸਪਰਿਕ ਰੂਪ ਵਿੱਚ ਲਾਭਕਾਰੀ ਰਸਮੀ ਸਮਝੌਤੇ 'ਤੇ ਆਧਾਰਿਤ ਹੁੰਦੀ ਹੈ।
   - ਇਕ ਵਿਅਕਤੀ ਜਾਂ ਸੰਸਥਾ ਜੋ ਕਿ ਹੇਠ ਲਿਖੇ ਦੋਨਾਂ ਮਾਨਦੰਡਾਂ ਨੂੰ ਪੂਰਾ ਕਰਦੀ ਹੈ:
     - ਇਕ ਮੁੱਖ ਵਪਾਰਕ ਗਤੀਵਿਧੀ ਦੇ ਰੂਪ ਵਿੱਚ, ਇਕ ਯੋਗ ਸਥਾਨ 'ਤੇ ਕਲਾਕਾਰਾਂ ਦਾ ਪ੍ਰਦਰਸ਼ਨ ਕਰ ਕੇ ਲਾਈਵ ਕੰਸਰਟ, ਕਾਮੇਡੀ ਸ਼ੋਅ, ਨਾਟਕ ਪੇਸ਼ਕਾਰੀਆਂ ਜਾਂ ਹੋਰਨਾਂ ਪ੍ਰੋਗਰਾਮਾਂ ਦਾ ਆਯੋਜਨ, ਪ੍ਰਚਾਰ, ਨਿਰਮਾਣ, ਪ੍ਰਬੰਧਨ ਜਾਂ ਮੇਜ਼ਬਾਨੀ ਕਰਦਾ ਹੈ, ਜਿੱਥੇ ਕਿ ਨਿਮਨਲਿਖਤ ਦੋਨੋਂ ਹੁੰਦੇ ਹਨ: (ਕ) ਇਕ ਕਵਰ ਚਾਰਜ ਰਾਹੀਂ ਟਿਕਟਿੰਗ ਜਾਂ ਮੁੱਖ ਦਰਵਾਜ਼ੇ ਵਿੱਚ ਦਾਖਲੇ ਲਈ ਫੀਸ ਲਾਗੂ ਹੁੰਦੀ ਹੈ; ਅਤੇ (ਖ) ਕਲਾਕਾਰਾਂ ਨੂੰ ਭੁਗਤਾਨ ਕੀਤਾ ਜਾਂਦਾ ਹੈ।
     - ਵਿਅਕਤੀ ਜਾਂ ਸੰਸਥਾ ਦੇ ਕਮਾਏ ਗਏ ਮਾਲੀਏ ਦਾ ਘੱਟ ਤੋਂ ਘੱਟ 70 ਫੀਸਦੀ ਕਵਰ ਸ਼ੁਲਕ ਜਾਂ ਟਿਕਟ ਵਿਕਰੀ, ਉਤਪਾਦਨ ਸ਼ੁਲਕ ਜਾਂ ਉਤਪਾਦਨ ਭਰਪਾਈ, ਸਮਾਗਮ ਬੇਵਰੇਜਸ, ਭੋਜਨ ਜਾਂ ਮਾਲ ਦੀ ਵਿਕਰੀ ਦੇ ਮਾਧਿਅਮ ਨਾਲ ਉਤਪੰਨ ਹੁੰਦਾ ਹੈ।
     - ਵਿਅਕਤੀ ਜਾਂ ਸੰਸਥਾ ਇਕ ਮੇਜਰ ਲੀਗ ਜਾਂ ਪੇਸ਼ੇਵਰ ਖੇਡ ਟੀਮ ਜਾਂ ਕਲੱਬ ਨਹੀਂ ਹੈ, ਅਤੇ ਇਕ ਮੇਜਰ ਲੀਗ ਜਾਂ ਪੇਸ਼ੇਵਰ ਖੇਡ ਟੀਮ ਜਾਂ ਕਲੱਬ ਦੀ ਮਾਲਕੀਅਤ ਵਿੱਚ ਨਹੀਂ ਹੈ।

# ਅਯੋਗ ਵਪਾਰ

ਪਿਛਲੇ ਤਿੰਨ ਸਫ਼ੇ ਦੇ ਬਾਵਜੂਦ, "***ਯੋਗ ਸੁਤੰਤਰ ਲਾਈਵ ਸਮਾਗਮ***" ਉਨ੍ਹਾਂ **ਸੰਸਥਾਵਾਂ ਨੂੰ ਸ਼ਾਮਲ ਨਹੀਂ ਕਰੇਗਾ** ਜੋ ਕਿ ਨਿਮਨਲਿਖਤ ਵਿੱਚੋਂ ਕਿਸੇ ਨੂੰ ਵੀ ਪੂਰਾ ਕਰਦੀਆਂ ਹੋਣ:

- ਅਜਿਹੀ ਸੰਸਥਾ ਜਿਸ ਦੇ ਸ਼ੇਅਰ, ਜਨਤਕ ਤੌਰ 'ਤੇ ਸ਼ੇਅਰ ਬਾਜ਼ਾਰ 'ਤੇ ਉਪਲਬਧ ਹਨ, ਜਾਂ ਜਿਸ ਦੀ ਮਲਕੀਅਤ ਅਤੇ ਨਿਯੰਤਰਣ ਕਿਸੇ ਸੰਸਥਾ ਦੁਆਰਾ ਹੈ ਜਿਸ ਦੇ ਸ਼ੇਅਰ ਜਨਤਕ ਤੌਰ 'ਤੇ ਸ਼ੇਅਰ ਬਾਜ਼ਾਰ 'ਤੇ ਉਪਲਬਧ ਹਨ।
- ਪੰਜ ਤੋਂ ਵਧੇਰੇ ਰਾਜਾਂ ਵਿੱਚ ਜਾਂ ਫਿਰ ਕਿਸੇ ਹੋਰ ਦੇਸ਼ ਵਿੱਚ ਸੰਸਥਾਵਾਂ ਦੀ ਮਾਲਕੀਅਤ ਜਾਂ ਸੰਚਾਲਨ ਕਰਦਾ ਹੈ, ਜਾਂ ਇਕ ਅਜਿਹੀ ਸੰਸਥਾ ਦੀ ਮਾਲਕੀਅਤ ਵਿੱਚ ਹੈ ਜੋ ਕਿ ਪੰਜ ਤੋਂ ਵੱਧ ਰਾਜਾਂ ਜਾਂ ਕਿਸੇ ਹੋਰ ਦੇਸ਼ ਵਿੱਚ ਸੰਸਥਾਵਾਂ ਦੀ ਮਾਲਕੀਅਤ ਜਾਂ ਸੰਚਾਲਨ ਕਰਦੀ ਹੈ।
- ਆਪਣੇ ਸਮੁੱਚੀ ਆਮਦਨ ਦਾ 75 ਫੀਸਦੀ ਤੋਂ ਵੀ ਘੱਟ ਹਿੱਸਾ ਕੈਲੀਫੋਰਨੀਆ ਵਿੱਚ ਉਤਪੰਨ ਕਰਦੀ ਹੈ।
- 2019 ਦੇ Q2, Q3, ਅਤੇ Q4 ਦੀ ਤੁਲਨਾ ਵਿੱਚ 2020 ਦੇ to Q2, Q3, ਅਤੇ Q4 ਦੀ ਤੁਲਨਾ ਵਿੱਚ ਇਕ ਰਿਪੋਰਟਿੰਗ ਮਿਆਦ ਦੇ ਆਧਾਰ 'ਤੇ, ਕੈਲੀਫੋਰਨੀਆ ਵਿੱਚ ਸਮੁੱਚੀ ਕਮਾਈ ਆਮਦਨ ਵਿੱਚ 30 ਫੀਸਦੀ ਤੋਂ ਘੱਟ ਗਿਰਾਵਟ ਨੂੰ ਦਰਸਾਉਂਦਾ ਹੈ।
- ਰਾਜ ਵਿੱਚ ਭੌਤਿਕ ਮੌਜੂਦਗੀ ਦੇ ਬਗੈਰ ਵਪਾਰ ਅਤੇ ਰਾਜ ਵਿੱਚ ਮੁੱਖ ਦਫਤਰ ਨਹੀਂ ਹੈ।
- ਵਪਾਰ ਮੁੱਖ ਰੂਪ ਵਿੱਚ ਸਿਆਸੀ ਜਾਂ ਲਾੱਬੀਇੰਗ ਗਤੀਵਿਧੀਆਂ ਵਿੱਚ ਲੱਗੇ ਹੋਏ ਹਨ, ਇਸਤੋਂ ਬਾਵਜੂਦ ਕਿ ਸੰਸਥਾ 501(c)(3), 501(c)(6), ਜਾਂ 501(c)(19) ਦੇ ਰੂਪ ਵਿੱਚ ਪੰਜੀਕਰਿਤ ਹੈ।
- ਅਕਿਰਿਆਸ਼ੀਲ ਵਪਾਰ, ਨਿਵੇਸ਼ ਕੰਪਨੀਆਂ ਅਤੇ ਨਿਵੇਸ਼ਕ ਜੋ ਕਿ ਆਪਣੇ ਕਰ ਰਿਟਰਨ 'ਤੇ ਅਨੁਸੂਚੀ ਈ ਦਾਇਰ ਕਰਦੇ ਹਨ।
- ਵਿੱਤੀ ਸੰਸਥਾਵਾਂ ਜਾਂ ਵਪਾਰ ਜੋ ਮੁੱਖ ਰੂਪ ਵਿੱਚ ਉਧਾਰ ਦੇਣ ਦੇ ਵਪਾਰ ਵਿੱਚ ਲੱਗੇ ਹੋਏ ਹਨ, ਜਿਵੇਂਕਿ ਬੈਂਕ, ਵਿੱਤ ਕੰਪਨੀਆਂ, ਅਤੇ ਫੈਕਟਰਿੰਗ ਕੰਪਨੀਆਂ।
- ਕਿਸੇ ਵੀ ਗਤੀਵਿਧੀ ਵਿੱਚ ਲੱਗੇ ਵਪਾਰ ਜੋ ਕਿ ਸੰਘੀ, ਰਾਜ, ਜਾਂ ਸਥਾਨਕ ਕਾਨੂੰਨ ਦੇ ਤਹਿਤ ਗੈਰ-ਕਾਨੂੰਨੀ ਹੈ।

*ਅਗਲੇ ਪੇਜ ਨੂੰ ਜਾਰੀ ਰੱਖੋ*

# ਅਯੋਗ ਵਪਾਰ

- ਅਜਿਹੇ ਵਪਾਰ ਜੋ ਕਿ ਸਮਰੱਥਾ ਤੋਂ ਇਲਾਵਾ ਕਿਸੇ ਹੋਰ ਕਾਰਨ ਕਰ ਕੇ ਗਾਹਕਾਂ 'ਤੇ ਪਾਬੰਦੀ ਲਗਾਉਂਦੇ ਹਨ।

- ਸੱਟਾ ਕਾਰੋਬਾਰ।

- 10 ਫੀਸਦੀ ਤੋਂ ਵੱਧ ਸਾਧਾਰਣ ਸ਼ੇਅਰ ਵਾਲੇ ਕਿਸੇ ਵੀ ਮਾਲਕ ਵਾਲੇ ਵਪਾਰ ਜੋ ਕਿ ਨਿਮਨਲਿਖਤ ਮਾਨਦੰਡਾਂ ਵਿੱਚੋਂ ਇਕ ਜਾਂ ਵੱਧ ਨੂੰ ਪੂਰਾ ਕਰਦੇ ਹਨ:
    i. ਮਲਿਕ ਨੂੰ, ਪਿਛਲੇ ਤਿੰਨ ਸਾਲਾਂ ਵਿੱਚ, ਕਿਸੇ ਸੰਘੀ, ਰਾਜ, ਜਾਂ ਸਥਾਨਕ ਜਨਤਕ ਲੈਣ-ਦੇਣ ਜਾਂ ਜਨਤਕ ਲੈਣ-ਦੇਣ ਦੇ ਅਧੀਨ, ਇਕਰਾਰਨਾਮਾ ਪ੍ਰਾਪਤ ਕਰਨ, ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ, ਜਾਂ ਚਲਾਉਣ ਲਈ, ਸੰਘੀ ਜਾਂ ਰਾਜ ਏਕਾਧਿਕਾਰ-ਵਿਰੋਧੀ, ਜਾਂ ਖਰੀਦ ਕਾਨੂੰਨਾਂ ਦੀ ਉਲੰਘਣਾ ਕਰਨ, ਜਾਂ ਗਬਨ, ਚੋਰੀ, ਜਾਅਲਸਾਜ਼ੀ, ਰਿਸ਼ਵਤਖੋਰੀ, ਜਾਅਲੀ ਰਿਕਾਰਡ ਬਣਾਉਣ ਜਾਂ ਰਿਕਾਰਡ ਨੂੰ ਨਸ਼ਟ ਕਰਨ ਦੀ ਗਤੀਵਿਧੀ ਕਰਨ, ਝੂਠੇ ਬਿਆਨ ਦੇਣ, ਜਾਂ ਚੋਰੀ ਵਾਲਾ ਮਾਲ ਪ੍ਰਾਪਤ ਕਰਨ, ਦੇ ਸਬੰਧ ਵਿੱਚ ਸਜ਼ਾਯੋਗ ਅਪਰਾਧ ਕਰਨ ਜਾਂ ਧੋਖਾਧੜੀ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਹੈ ਜਾਂ ਸਿਵਲ ਅਦਾਲਤ ਵਿੱਚ ਉਸਦੇ ਵਿਰੁੱਧ ਫੈਸਲਾ ਦਿੱਤਾ ਗਿਆ ਹੈ, ਜਾਂ ਜਿਸ ਨੇ ਪੈਰੋਲ ਜਾਂ ਪ੍ਰੋਬੇਸ਼ਨ ਦੇ ਕਿਸੇ ਵੀ ਰੂਪ ਦੀ ਸ਼ੁਰੂਆਤ ਕੀਤੀ ਹੈ, ਨਿਰਣੇ ਤੋਂ ਪਹਿਲਾਂ ਪ੍ਰੋਬੇਸ਼ਨ ਸਮੇਤ।
    ii. ਮਾਲਕ ਨੂੰ ਮੌਜੂਦਾ ਸਮੇਂ ਵਿੱਚ ਧਾਰਾ (i) ਵਿੱਚ ਉਲੇਖਿਤ ਕਿਸੇ ਵੀ ਅਪਰਾਧ ਕਰਨ ਲਈ ਅਪਰਾਧਿਕ ਜਾਂ ਸਿਵਲ ਤੌਰ 'ਤੇ ਦੋਸ਼ੀ ਠਹਿਰਾਇਆ ਗਿਆ ਹੈ, ਜਾਂ ਸੰਘੀ, ਰਾਜ ਜਾਂ ਸਥਾਨਕ ਸਰਕਾਰੀ ਸੰਸਥਾ ਦੁਆਰਾ ਦੋਸ਼ੀ ਠਹਿਰਾਇਆ ਗਿਆ ਹੈ।

- ਸਬੰਧਿਤ ਕੰਪਨੀਆਂ, ਜਿਵੇਂਕਿ ਸੰਘੀ ਵਿਨਿਯਮ ਸੰਹਿਤਾ ਦੇ ਸਿਰਲੇਖ 13 ਦੇ ਸੈਕਸ਼ਨ 121.103 ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।

- ਕੈਲੀਫੋਰਨੀਆ ਆੱਫਿਸ ਆੱਫ ਦੀ ਸਾਮਲ ਬਿਜਨੈੱਸ ਐਡਵੋਕੇਟ (California Office of the Small Business Advocate - CalOSBA) ਦੁਆਰਾ ਨਿਰਧਾਰਿਤ ਹੋਰ ਵਪਾਰ, ਜੋ ਕੋਵਿਡ-19 ਰਾਹਤ ਅਨੁਦਾਨ ਪ੍ਰੋਗਰਾਮ ਦੇ ਪਿਛਲੇ ਦੌਰ ਵਿੱਚ ਨਿਰਧਾਰਿਤ ਸੀਮਾਵਾਂ ਅਤੇ ਬਾਈਕਾਟਾਂ ਦੇ ਅਨੁਰੂਪ ਹੋਵੇ।

# ਫੰਡ ਦੀ ਯੋਗ ਵਰਤੋਂ

ਇਸ ਸੈਕਸ਼ਨ ਦੇ ਤਹਿਤ ਪ੍ਰਦਾਨ ਕੀਤੀ ਗਈ ਅਨੁਦਾਨ ਰਾਸ਼ੀ ਦਾ ਉਪਯੋਗ ਸਿਰਫ ਕੋਵਿਡ-19 ਮਹਾਮਾਰੀ ਅਤੇ ਸਬੰਧਿਤ ਸਿਹਤ ਅਤੇ ਸੁਰੱਖਿਆ ਪ੍ਰਤੀਬੰਧਾਂ, ਜਾਂ ਕੋਵਿਡ-19 ਮਹਾਮਾਰੀ ਦੇ ਨਤੀਜੇ ਵਜੋਂ ਵਪਾਰਕ ਰੁਕਾਵਟਾਂ ਜਾਂ ਬੰਦ ਹੋਣ ਕਾਰਨ ਪੈਦਾ ਹੋਣ ਵਾਲੀਆਂ ਲਾਗਤਾਂ ਲਈ ਕੀਤਾ ਜਾਵੇਗਾ, ਜਿਸ ਵਿੱਚ ਕਿ ਨਿਮਨਲਿਖਤ ਸ਼ਾਮਲ ਹਨ:

- ਪੇਰੋਲ ਲਾਗਤ, ਸਿਹਤ ਦੇਖਭਾਲ ਲਾਭ, ਪੇਡ ਸਿਕ, ਮੈਡੀਕਲ ਜਾਂ ਪਰਿਵਾਰਕ ਛੁੱਟੀ, ਅਤੇ ਬੀਮਾ ਪ੍ਰੀਮੀਅਮ ਸਮੇਤ ਕਰਮਚਾਰੀਆਂ ਦੇ ਖਰਚੇ।
- ਕਿਰਾਏ, ਉਪਯੋਗਿਤਾਵਾਂ, ਬੰਧਕ ਮੂਲਧਨ, ਅਤੇ ਵਿਆਜ ਭੁਗਤਾਨ ਸਮੇਤ ਕਾਰਜਸ਼ੀਲ ਪੂੰਜੀ ਅਤੇ ਓਵਰਹੈੱਡ, ਪਰ 1 ਮਾਰਚ, 2020 ਤੋਂ ਪਹਿਲਾਂ ਕੀਤੇ ਗਏ ਬੰਧਕ ਪੂਰਵ-ਭੁਗਤਾਨ ਅਤੇ ਮੂਲਧਨ ਅਤੇ ਵਿਆਜ ਸਮੇਤ ਕਰਜ਼ੇ ਦੀਆਂ ਜ਼ਿੰਮੇਵਾਰੀਆਂ ਨੂੰ ਛੱਡ ਕੇ।
- ਰਾਜ ਦੁਆਰਾ ਲਾਜ਼ਮੀ ਕੋਵਿਡ-19 ਸਿਹਤ ਅਤੇ ਸੁਰੱਖਿਆ ਪਾਬੰਦੀਆਂ ਅਤੇ ਵਪਾਰ ਬੰਦ ਹੋਣ ਕਾਰਨ ਪੂਰੀ ਤਰ੍ਹਾਂ ਜਾਂ ਅੰਸ਼ਿਕ ਰੂਪ ਵਿੱਚ ਬੰਦ ਹੋਣ ਤੋਂ ਬਾਅਦ ਵਪਾਰਕ ਸੰਚਾਲਨ ਨੂੰ ਫਿਰ ਤੋਂ ਖੋਲਣ ਨਾਲ ਜੁੜੀਆਂ ਲਾਗਤਾਂ।
- ਜ਼ਰੂਰੀ ਸੁਰੱਖਿਆ ਪ੍ਰੋਟੋਕੋਲ ਨਾਲ ਫਿਰ ਤੋਂ ਖੋਲਣ ਲਈ ਕੋਵਿਡ-19 ਸੰਘੀ, ਰਾਜ ਜਾਂ ਸਥਾਨਕ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਾਲ ਜੁੜੀਆਂ ਲਾਗਤਾਂ, ਜਿਸ ਵਿੱਚ ਉਪਕਰਨ, ਪਲੈਕਸੀਗਲਾਸ ਰੁਕਾਵਟਾਂ, ਬਾਹਰੀ ਭੋਜਨ, ਨਿੱਜੀ ਸੁਰੱਖਿਆ ਉਪਕਰਨ (PPE) ਸਪਲਾਈਆਂ, ਟੈਸਟਿੰਗ ਅਤੇ ਕਰਮਚਾਰੀ ਸਿਖਲਾਈ ਲਾਗਤਾਂ ਸ਼ਾਮਲ ਹਨ ਪਰ ਇਹ ਇੱਥੋਂ ਤੱਕ ਹੀ ਸੀਮਤ ਨਹੀਂ ਹੈ।
- ਕੋਈ ਹੋਰ ਕੋਵਿਡ-19 ਸਬੰਧਿਤ ਖਰਚ ਜੋ ਕਿ ਪਹਿਲਾਂ ਤੋਂ ਹੀ ਅਨੁਦਾਨ, ਮੁਆਫ ਯੋਗ ਕਰਜ਼ੇ ਜਾਂ ਸੰਘੀ, ਰਾਜ, ਕਾਊਂਟੀ ਜਾਂ ਸ਼ਹਿਰ ਦੇ ਪ੍ਰੋਗਰਾਮਾਂ ਦੇ ਮਾਧਿਅਮ ਨਾਲ ਹੋਰ ਰਾਹਤ ਦੇ ਮਾਧਿਅਮ ਨਾਲ ਕਵਰ ਨਹੀਂ ਕੀਤਾ ਗਿਆ ਹੈ।
- ਕੋਈ ਹੋਰ ਕੋਵਿਡ-19 ਸਬੰਧੀ ਲਾਗਤਾਂ ਜੋ ਕਿ ਮੈਡੀਕੇਡ ਦੇ ਰਾਜ ਦੇ ਹਿੱਸੇ ਲਈ ਮਨੁੱਖੀ ਵਸੀਲੇ ਦੇ ਖਰਚ ਨਹੀਂ ਹਨ, ਕਰਮਚਾਰੀ ਬੋਨਸ, ਸੈਵਰੈਂਸ ਤਨਖਾਹ, ਕਰ, ਕਾਨੂੰਨੀ ਨਿਪਟਾਨ, ਨਿੱਜੀ ਖਰਚ, ਜਾਂ ਹੋਰ ਖਰਚ ਜੋ ਕਿ ਕੋਵਿਡ-19 ਪ੍ਰਭਾਵਾਂ ਨਾਲ ਸਬੰਧਿਤ ਨਹੀਂ ਹੈ, ਪਹਿਲਾਂ ਤੋਂ ਕਵਰ ਕੀਤੇ ਗਏ ਨੁਕਸਾਨ ਦੇ ਮੁਰੰਮਤ ਬੀਮੇ ਦੁਆਰਾ, ਜਾਂ ਦਾਨ ਕੀਤੀਆਂ ਗਈਆਂ ਵਸਤੂਆਂ ਜਾਂ ਸੇਵਾਵਾਂ ਲਈ ਦਾਤਾਵਾਂ ਨੂੰ ਭਰਪਾਈ।

# ਲੋੜੀਂਦਾ ਦਸਤਾਵੇਜ਼

ਨਿਮਨਲਿਖਤ ਸਾਰੇ ਦਸਤਾਵੇਜ਼ਾਂ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਪੋਰਟਲ 'ਤੇ ਅੱਪਲੋਡ ਕੀਤਾ ਜਾਣਾ ਚਾਹੀਦਾ ਹੈ:

1. **ਬਿਨੇਕਾਰ ਸਰਟੀਫਿਕੇਸ਼ਨ (PDF)**
   ਤੁਹਾਡੇ ਦੁਆਰਾ ਵੈੱਬ ਐਪਲੀਕੇਸ਼ਨ ਅਤੇ ਸਹਾਇਕ ਦਸਤਾਵੇਜ਼ਾਂ ਵਿੱਚ ਪ੍ਰਦਾਨ ਕੀਤੀ ਗਈ ਜਾਣਕਾਰੀ ਦੀ ਸੱਚਾਈ ਅਤੇ ਸਟੀਕਤਾ ਨੂੰ ਸਵੈ- ਪ੍ਰਮਾਣਿਤ ਕਰਨ ਲਈ ਪੂਰਨ ਅਤੇ ਹਸਤਾਖਰਿਤ।

2. **ਵਪਾਰਕ ਵਿੱਤੀ ਵੇਰਵੇ (PDF)**
   - ਵਪਾਰ ਦੀ 2019 ਸੰਘੀ ਕਰ ਰਿਟਰਨ ਦੇ ਸਾਰੇ ਪੰਨੇ
   - ਵਪਾਰ ਦੀ 2019 ਕੈਲੀਫੋਰਨੀਆ ਕਰ ਰਿਟਰਨ ਦੇ ਸਾਰੇ ਪੰਨੇ
   - ਵਪਾਰ ਦੀ 2020 ਸੰਘੀ ਕਰ ਰਿਟਰਨ ਦੇ ਸਾਰੇ ਪੰਨੇ
   - ਵਪਾਰ ਦੀ 2020 ਕੈਲੀਫੋਰਨੀਆ ਕਰ ਰਿਟਰਨ ਦੇ ਸਾਰੇ ਪੰਨੇ

3. **ਸਰਕਾਰ ਦੁਆਰਾ ਜਾਰੀ ID (PDF ਜਾਂ JPEG)**
   ਡਰਾਈਵਰ ਦਾ ਲਾਈਸੈਂਸ ਜਾਂ ਪਾਸਪੋਰਟ (ਪੁੱਗੀ ਹੋਈ ਮਿਆਦ ਵਾਲੀਆਂ ID ਸਵੀਕਾਰ ਨਹੀਂ ਕੀਤੀਆਂ ਜਾਣਗੀਆਂ)

4. **ਅੰਤਰਿਮ ਵਿੱਤੀ ਵੇਰਵੇ (PDF)**
   - 2019 ਲਈ Q2, Q3 ਅਤੇ Q4 ਨੂੰ ਕਵਰ ਕਰਨ ਵਾਲਾ ਅੰਤਰਿਮ ਵਿੱਤੀ ਵੇਰਵਾ
   - 2020 ਲਈ Q2, Q3 ਅਤੇ Q4 ਨੂੰ ਕਵਰ ਕਰਨ ਵਾਲਾ ਅੰਤਰਿਮ ਵਿੱਤੀ ਵੇਰਵਾ

5. **ਕੈਲੀਫੋਰਨੀਆ ਸੈਕਰੇਟਰੀ ਆੱਫ ਸਟੇਟ** (ਜੋ ਕਿ ਕਿਰਿਆਸ਼ੀਲ ਹੋਣਾ ਚਾਹੀਦਾ ਹੈ) ਜਾਂ ਸਥਾਨਕ ਨਗਰਪਾਲਿਕਾ, ਜਿਵੇਂ ਵੀ ਲਾਗੂ ਹੋਵੇ, ਦੇ ਨਾਲ ਤੁਹਾਡੇ ਵਪਾਰ ਲਈ ਅਧਿਕਾਰਤ ਫਾਈਲਿੰਗ, ਜਿਵੇਂਕਿ ਨਿਮਨਲਿਖਤ ਵਿੱਚੋਂ ਇਕ ਹੈ **(PDF)**:
   - ਨਿਗਮਨ ਦੇ ਆਰਟੀਕਲ
   - ਸੰਗਠਨ ਦਾ ਸਰਟੀਫਿਕੇਟ
   - ਪੰਜੀਕਰਨ ਦਾ ਕਾਲਪਨਿਕ ਨਾਮ
   - ਸਰਕਾਰ ਦੁਆਰਾ ਜਾਰੀ ਵਪਾਰ ਲਾਈਸੈਂਸ (ਕਾਲਪਨਿਕ ਨਾਮ ਦੇ ਬਗੈਰ ਇਕੱਲੇ ਮਾਲਕ)

6. **ਸਿਰਫ ਗੈਰ-ਲਾਭਕਾਰੀ: ਸਭ ਤੋਂ ਹਾਲੀਆ IRS ਕਰ ਛੋਟ ਪੱਤਰ (PDF)**

7. **ਨੋਟ: ਕੈਲੀਫੋਰਨੀਆ ਦੇ ਰਾਜ ਸਕੱਤਰ ਨੂੰ ਫਾਈਲਿੰਗ ਪ੍ਰਦਾਨ ਕਰਨਾ ਜ਼ਰੂਰੀ ਹੈ ਜੋ ਇਸ ਗੱਲ ਦਾ ਪ੍ਰਮਾਣ ਪ੍ਰਦਾਨ ਕਰਦੀ ਹੋਵੇ ਕਿ ਕਾਰੋਬਾਰ ਜੂਨ 1, 2019 ਤੋਂ ਪਹਿਲਾਂ ਕੈਲੀਫੋਰਨੀਆ ਰਾਜ ਵਿੱਚ ਕਾਨੂੰਨੀ ਤੌਰ 'ਤੇ ਕਾਰੋਬਾਰ ਕਰ ਰਿਹਾ ਸੀ।**



# ਬਿਨੇਕਾਰ ਸਰਟੀਫਿਕੇਸ਼ਨ ਨੂੰ ਕਿਵੇਂ ਪੂਰਾ ਕਰਨਾ ਹੈ

# ਬਿਨੇਕਾਰ ਸਰਟੀਫਿਕੇਸ਼ਨ

ਐਪਲੀਕੇਸ਼ਨ ਪ੍ਰਕਿਰਿਆ ਦੇ ਹਿੱਸੇ ਦੇ ਰੂਪ ਵਿੱਚ, ਤੁਹਾਨੂੰ ਬਿਨੇਕਾਰ ਸਰਟੀਫਿਕੇਸ਼ਨ 'ਤੇ ਹਸਤਾਖਰ ਕਰਦੇ ਹੋਏ ਵੈੱਬ ਐਪਲੀਕੇਸ਼ਨ ਅਤੇ ਸਹਾਇਕ ਦਸਤਾਵੇਜ਼ਾਂ ਵਿੱਚ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਸੱਚਾਈ ਅਤੇ ਸਟੀਕਤਾ ਦੀ ਸਵੈ-ਪ੍ਰਮਾਣਿਤ ਕਰਨਾ ਪਵੇਗਾ।

ਬਿਨੇਕਾਰ ਸਰਟੀਫਿਕੇਸ਼ਨ ਡਾਊਨਲੋਡ ਕਰਨ ਅਤੇ ਪੂਰਾ ਕਰਨ ਲਈ ਇਲੈਕਟਰੋਨਿਕ ਰੂਪ ਵਿੱਚ ਉਪਲੱਬਧ ਹੋਵੇਗੀ। ਇਸ ਅਨੁਦਾਨ ਪ੍ਰਕਿਰਿਆ ਵਿੱਚ ਇਕ ਹਸਤਾਖਰਿਤ ਬਿਨੇਕਾਰ ਸਰਟੀਫਿਕੇਸ਼ਨ ਇਕ ਜ਼ਰੂਰੀ ਦਸਤਾਵੇਜ਼ ਹੈ ਅਤੇ ਇਸ ਨੂੰ PDF ਫਾਈਲ ਦੇ ਰੂਪ ਵਿੱਚ ਪੋਰਟਲ 'ਤੇ ਅੱਪਲੋਡ ਕਰਨ ਦੀ ਲੋੜ ਪਵੇਗੀ।


ਤੁਸੀਂ ਦੋ ਤਰੀਕਿਆਂ ਨਾਲ ਬਿਨੇਕਾਰ ਸਰਟੀਫਿਕੇਸ਼ਨ ਨੂੰ ਪੂਰਾ ਸਕਦੇ ਹੋ:


1. ਇਲੈਕਟਰੋਨਿਕ ਰੂਪ ਵਿੱਚ ਸਰਟੀਫਿਕੇਸ਼ਨ ਨੂੰ ਡਾਊਨਲੋਡ ਅਤੇ ਹਸਤਾਖਰ ਕਰੋ ਜਾਂ
2. ਪਰਿੰਟ ਲਓ ਅਤੇ ਹੱਥ ਨਾਲ ਫਾਰਮ ਨੂੰ ਪੂਰਾ ਕਰੋ।

# ਆਪਣੀ ਬਿਨੇਕਾਰ ਸਰਟੀਫਿਕੇਸ਼ਨ ਨੂੰ ਇਲੈਕਟਰੋਨਿਕ ਰੂਪ ਵਿੱਚ ਕਿਵੇਂ ਪੂਰਾ ਕਰੀਏ

## ਕਦਮ 1

ਡਾਊਨਲੋਡ ਕਰਨ ਲਈ ਡਾਊਨਲੋਡ ਆਈਕਨ 'ਤੇ ਕਲਿੱਕ ਕਰੋ ਅਤੇ ਆਪਣੀ ਡਿਵਾਈਸ 'ਤੇ ਬਿਨੇਕਾਰ ਸਰਟੀਫਿਕੇਸ਼ਨ ਨੂੰ ਸੇਵ ਕਰ ਲਵੋ।






## ਕਦਮ 2

ਆਪਣੀ ਡਿਵਾਈਸ 'ਤੇ ਬਿਨੇਕਾਰ ਸਰਟੀਫਿਕੇਸ਼ਨ ਦਾ ਪਤਾ ਲਗਾਓ ਅਤੇ ਉੱਥੋਂ ਦੀ ਫਾਈਲ ਨੂੰ ਖੋਲੋ। ਤੁਹਾਡੀ ਬਿਨੇਕਾਰ ਸਰਟੀਫਿਕੇਸ਼ਨ ਇਕ PDF ਫਾਈਲ ਦੇ ਰੂਪ ਵਿੱਚ ਖੁੱਲੇਗੀ।




## ਕਦਮ 3

ਸਾਰੀਆਂ ਕ੍ਰਮਿਤ ਆਈਟਮਾਂ ਦੇ ਅੱਗੇ ਆਪਣੇ ਛੋਟੇ ਹਸਤਾਖਰ ਭਰੋ ਅਤੇ ਫਿਰ ਅੰਤਿਮ ਸਫ਼ੇ 'ਤੇ ਆਪਣੇ ਹਸਤਾਖਰ ਅਤੇ ਵਪਾਰਕ ਜਾਣਕਾਰੀ ਦਰਜ ਕਰ ਕੇ ਬਿਨੇਕਾਰ ਸਰਟੀਫਿਕੇਸ਼ਨ ਨੂੰ ਪੂਰਾ ਕਰੋ।



## ਕਦਮ 4

ਬਿਨੇਕਾਰ ਸਰਟੀਫਿਕੇਸ਼ਨ ਨੂੰ ਪੂਰਾ ਕਰਨ ਤੋਂ ਬਾਅਦ, ਪੂਰੀ ਤਰ੍ਹਾਂ ਬਿਨੇਕਾਰ ਸਰਟੀਫਿਕੇਸ਼ਨ ਨੂੰ ਸੇਵ ਕਰਨ ਵਾਸਤੇ ਫਾਈਲ>ਸੇਵ 'ਤੇ ਜਾਂਦੇ ਹੋਏ ਜਾਂ ਆਪਣੇ ਕੀਬੋਰਡ ਤੋਂ CTRL+S ਦਬਾ ਕੇ ਇਸ ਨੂੰ ਦੁਬਾਰਾ ਸੇਵ ਕਰੋ।


## ਕਦਮ 5

ਐਪਲੀਕੇਸ਼ਨ ਪ੍ਰਕਿਰਿਆ ਦੌਰਾਨ ਪੂਰਨ ਬਿਨੇਕਾਰ ਸਰਟੀਫਿਕੇਸ਼ਨ ਨੂੰ ਪੋਰਟਲ ਵਿੱਚ PDF ਫਾਈਲ ਦੇ ਰੂਪ ਵਿੱਚ ਅੱਪਲੋਡ ਕਰੋ।

# ਆਪਣੇ ਬਿਨੈਕਾਰ ਸਰਟੀਫਿਕੇਸ਼ਨ ਨੂੰ ਹੱਥਾਂ ਨਾਲ ਕਿਵੇਂ ਪੂਰਾ ਕਰਨਾ ਹੈ

## ਕਦਮ 1

ਪਰਿੰਟਰ  ਆਈਕਨ 'ਤੇ ਕਲਿੱਕ ਕਰਦੇ ਹੋਏ ਬਿਨੇਕਾਰ ਸਰਟੀਫਿਕੇਸ਼ਨ ਨੂੰ ਪਰਿੰਟ ਕਰੋ।




## ਕਦਮ 2

ਇਕ ਕਾਲੇ ਪੈਨ ਦਾ ਉਪਯੋਗ ਕਰਦੇ ਹੋਏ ਅਤੇ ਵਧੀਆ ਲਿਖਾਈ ਨਾਲ ਬਿਨੇਕਾਰ ਸਰਟੀਫਿਕੇਸ਼ਨ ਨੂੰ ਪੂਰਾ ਕਰੋ।

## ਕਦਮ 3

ਬਿਨੇਕਾਰ ਸਰਟੀਫਿਕੇਸ਼ਨ ਨੂੰ ਪੂਰਾ ਕਰਨ ਤੋਂ ਬਾਅਦ, ਪੂਰੀ ਤਰ੍ਹਾਂ ਬਿਨੇਕਾਰ ਸਰਟੀਫਿਕੇਸ਼ਨ ਨੂੰ ਸੇਵ ਕਰਨ ਵਾਸਤੇ ਫਾਈਲ>ਸੇਵ 'ਤੇ ਜਾਂਦੇ ਹੋਏ ਜਾਂ ਆਪਣੇ ਕੀਬੋਰਡ ਤੋਂ CTRL+S ਦਬਾ ਕੇ ਇਸ ਨੂੰ ਦੁਬਾਰਾ ਸੇਵ ਕਰੋ।

## ਕਦਮ 5

ਐਪਲੀਕੇਸ਼ਨ ਪ੍ਰਕਿਰਿਆ ਦੌਰਾਨ ਪੂਰਨ ਬਿਨੇਕਾਰ ਸਰਟੀਫਿਕੇਸ਼ਨ ਨੂੰ ਪੋਰਟਲ ਵਿੱਚ PDF ਫਾਈਲ ਦੇ ਰੂਪ ਵਿੱਚ ਅੱਪਲੋਡ ਕਰੋ।



# ਲੋੜੀਂਦੇ ਦਸਤਾਵੇਜ਼ੀਕਰਨ ਦੀਆਂ ਉਦਾਹਰਨਾਂ

# ਉਦਾਹਰਨ: ਸੰਘੀ ਕਰ ਰਿਟਰਨ

## ਲਾਭਕਾਰੀ ਵਪਾਰ ਲਈ


ਫਾਰਮ 1120




ਫਾਰਮ 1065





ਫਾਰਮ 1040





2019


ਫਾਰਮ 1120




ਫਾਰਮ 1065





ਫਾਰਮ 1040





2020

## ਗੈਰ-ਲਾਭਕਾਰੀ ਸੰਗਠਨ




2019





2020


# ਉਦਾਹਰਨ: ਕੈਲੀਫੋਰਨੀਆ ਕਰ ਰਿਟਰਨ

## ਲਾਭਕਾਰੀ ਵਪਾਰ ਲਈ


ਫਾਰਮ 100


2019 California Corporation Franchise or Income Tax Return 100

ਫਾਰਮ 565



2019 Partnership Return of Income 565

ਫਾਰਮ 540



2019 California Resident Income Tax Return 540

2019


ਫਾਰਮ 100


2020 Corporation Estimated Tax 100-ES

ਫਾਰਮ 565


2020 Partnership Return of Income 565


ਫਾਰਮ 540


2020 California Resident Income Tax Return 540

2020

## ਗੈਰ-ਲਾਭਕਾਰੀ ਸੰਗਠਨ


ਫਾਰਮ 199


2019 California Exempt Organization Annual Information Return 199


RRF-1



ANNUAL REGISTRATION RENEWAL FEE REPORT TO ATTORNEY GENERAL OF CALIFORNIA


CT-TR-1


ANNUAL TREASURER'S REPORT ATTORNEY GENERAL OF CALIFORNIA (FORM CT-TR-1)

2019


2020 California Exempt Organization Annual Information Return 199


ANNUAL REGISTRATION RENEWAL FEE REPORT TO ATTORNEY GENERAL OF CALIFORNIA


ANNUAL TREASURER'S REPORT ATTORNEY GENERAL OF CALIFORNIA (FORM CT-TR-1)

# ਉਦਾਹਰਨ: ਸਰਕਾਰ ਦੁਆਰਾ ਜਾਰੀ ਫੋਟੋ ID

## ਸਰਕਾਰ ਦੁਆਰਾ ਜਾਰੀ ID ਦੇ ਸਵੀਕਾਰ ਯੋਗ ਰੂਪ




ਯੂਨਾਈਟਡ ਸਟੇਟਸ ਪਾਸਪੋਰਟ




ਡਰਾਈਵਿੰਗ ਲਾਈਸੈਂਸ

ਹੇਠ ਲਿਖੀਆਂ ID ਦੀਆਂ ਕਿਸਮਾਂ ਸਵੀਕਾਰ o| ûਕੀਤੀਆਂ ਜਾਣਗੀਆਂ:

- ਪੁੱਗੀ ਹੋਈ ਮਿਆਦ ਵਾਲੀਆਂ ID
- ਬੱਸ ਪਾਸ
- ਸਕੂਲ ID
- ਸੰਘੀ ID
- ਜੌਬ ਬੈਜਸ
- ਲਾਇਬਰੇਰੀ ਕਾਰਡ

# ਉਦਾਹਰਨ: ਕੈਲੀਫੋਰਨੀਆ ਰਾਜ ਸਕੱਤਰ ਜਾਂ ਸਥਾਨਕ ਨਗਰ ਪਾਲਿਕਾ ਨਾਲ ਅਧਿਕਾਰਤ ਫਾਈਲਿੰਗ

## ਨਿਗਮਨ ਦੇ ਆਰਟੀਕਲ

3767456

FILED
Secretary of State
State of California
MAR 1 6 2015

ARTICLES OF INCORPORATION
OF
MIDDLE TREE INCORPORATED

ARTICLE I

The name of this corporation is Middle Tree Incorporated ("Corporation").

ARTICLE II

A. This Corporation is a nonprofit public benefit corporation and is not organized for the private gain of any person. It is organized under the Nonprofit Public Benefit Corporation Law for public and charitable purposes. The specific purpose of this Corporation is to manage, operate, guide, direct and promote the Corporation.

B. This Corporation is organized and operated exclusively for educational and charitable purposes pursuant to and within the meaning of Section 501(c)(3) of the Internal Revenue Code of 1986, as amended (the "Code" or "I.R.C."), or the corresponding provision of any future United States Internal Revenue law. Notwithstanding any other provision of these articles, the Corporation shall not, except to an insubstantial degree, engage in other activities or exercise of power that do not further the purpose of the Corporation. The Corporation shall not carry on any or other activities not permitted to be carried on by: (i) a corporation exempt from federal income tax under Section 501(c)(3) of the Code, or the corresponding section of any future federal tax code; or (ii) by a corporation, contributions of which are deductible under Section 170(c)(2) of the Code, or the corresponding section of any future federal tax code.

ARTICLE III

The name and address in the State of California of this Corporation's initial agent for service of process is: Registered Agents Inc.

ARTICLE IV

The initial street address of the corporation is:

Middle Tree
522 S. Indian Hill Blvd #205
Claremont, CA
91711

The initial mailing address of the corporation is:

ARTICLES OF INCORPORATION
MIDDLE TREE INCORPORATED
PAGE 1 OF 3

## ਪੰਜੀਕਰਨ ਦਾ ਕਾਲਪਨਿਕ ਨਾਮ

State of California
Bill Jones
Secretary of State

LIMITED LIABILITY COMPANY
ARTICLES OF ORGANIZATION

A $70.00 filing fee must accompany this form.
IMPORTANT – Read instructions before completing this form.

200224710133

FILED
In the Office of the Secretary of State
of the State of California
AUG 2 8 2002
BILL JONES, Secretary of State

This Space For Filing Use Only

1. Name of the limited liability company (end the name with the words "Limited Liability Company," " Ltd. Liability Co.," or the abbreviations "LLC" or "L.L.C.")
Keystone NPS LLC

2. The purpose of the limited liability company is to engage in any lawful act or activity for which a limited liability company may be organized under the Beverly-Killea limited liability company act.

3. Name the agent for service of process and check the appropriate provision below:
National Registered Agents, Inc. which is
[ ] an individual residing in California. Proceed to item 4.
[X] a corporation which has filed a certificate pursuant to section 1505. Proceed to item 5.

4. If an individual, California address of the agent for service of process:
Address:
City: State: CA Zip Code:

5. The limited liability company will be managed by: (check one)
[ ] one manager [ ] more than one manager [X] single member limited liability company [ ] all limited liability company members

6. Other matters to be included in this certificate may be set forth on separate attached pages and are made a part of this certificate. Other matters may include the latest date on which the limited liability company is to dissolve.

7. Number of pages attached, if any: 0

8. Type of business of the limited liability company. (For informational purposes only)
treatment centers and services for at-risk youth

9. DECLARATION: It is hereby declared that I am the person who executed this instrument, which execution is my act and deed.

Signature of Organizer

Andrea C. Barach
Type or Print Name of Organizer

August 27, 2002
Date


10. RETURN TO:
NAME
FIRM
ADDRESS
CITY/STATE
ZIP CODE

SEC/STATE (REV. 12/99)
FORM LLC-1 – FILING FEE $70.00
Approved by Secretary of State

ਅਗਲੇ ਪੇਜ ਨੂੰ ਜਾਰੀ ਰੱਖੋ

# ਉਦਾਹਰਨ: ਕੈਲੀਫੋਰਨੀਆ ਰਾਜ ਸਕੱਤਰ ਜਾਂ ਸਥਾਨਕ ਨਗਰ ਪਾਲਿਕਾ ਨਾਲ ਅਧਿਕਾਰਤ ਫਾਈਲਿੰਗ

## ਸੰਗਠਨ ਦਾ ਸਰਟੀਫਿਕੇਟ


THIS STATEMENT IS A PUBLIC RECORD

FILING STAMP ONLY

San Francisco County Clerk
City Hall, Room 168
San Francisco, CA 94102-4678
www.sfgov.org/countyclerk

Any alterations, deletions, or other format to this two-page form will not be accepted for filing by the Office of the SF County Clerk.


FICTITIOUS BUSINESS NAME STATEMENT

This statement was filed with the San Francisco County Clerk on date indicated by the file stamp above.

CERTIFICATION

## ਸਰਕਾਰ ਦੁਆਰਾ ਜਾਰੀ ਵਪਾਰਕ ਲਾਈਸੈਂਸ

ਸਿਰਫ ਇਕੱਲੇ ਮਾਲਕਾਂ ਲਈ


CITY OF LONG BEACH, CALIFORNIA
BUSINESS LICENSE
OWNERSHIP NON-TRANSFERABLE

PREPARED: 11/06/2018
P120

THE LICENSEE NAMED BELOW IS AUTHORIZED TO OPERATE THE FOLLOWING:


ACCOUNT NUMBER:
OWNER: ACTION INVESTIGATORS
LOCATED AT: 3860 CHERRY AVE
BUSINESS TYPE: BUSINESS OFFICE
DBA NAME: ACTION AUTO RECOVERY
PRODUCT: BUSINESS

AUTHORIZED BY: JOHN GROSS
DIRECTOR OF FINANCIAL MANAGEMENT

# ਉਦਾਹਰਨ: ਕਰ ਤੋਂ ਛੋਟ ਪੱਤਰ

## ਸੰਗਠਨ ਦਾ ਸਰਟੀਫਿਕੇਟ

ਸਿਰਫ ਗੈਰ-ਲਾਭਕਾਰੀ ਸੰਗਠਨਾਂ ਲਈ।



INTERNAL REVENUE SERVICE
P. O. BOX 2508
CINCINNATI, OH 45201

DEPARTMENT OF THE TREASURY

Date: SEP 26 2016

MIDDLE TREE
PO BOX 1643
CLAREMONT, CA 91711

Employer Identification Number:
47-3525937
DLN:
17053231320026
Contact Person:
RENEE RAILEY NORTON ID# 31172
Contact Telephone Number:
(877) 829-5500
Accounting Period Ending:
December 31
Public Charity Status:
170(b)(1)(A)(vi)
Form 990/990-EZ/990-N Required:
Yes
Effective Date of Exemption:
March 16, 2015
Contribution Deductibility:
Yes
Addendum Applies:
No

Dear Applicant:

We're pleased to tell you we determined you're exempt from federal income tax under Internal Revenue Code (IRC) Section 501(c)(3). Donors can deduct contributions they make to you under IRC Section 170. You're also qualified to receive tax deductible bequests, devises, transfers or gifts under Section 2055, 2106, or 2522. This letter could help resolve questions on your exempt status. Please keep it for your records.

Organizations exempt under IRC Section 501(c)(3) are further classified as either public charities or private foundations. We determined you're a public charity under the IRC Section listed at the top of this letter.

If we indicated at the top of this letter that you're required to file Form 990/990-EZ/990-N, our records show you're required to file an annual information return (Form 990 or Form 990-EZ) or electronic notice (Form 990-N, the e-Postcard). If you don't file a required return or notice for three consecutive years, your exempt status will be automatically revoked.

If we indicated at the top of this letter that an addendum applies, the enclosed addendum is an integral part of this letter.

For important information about your responsibilities as a tax-exempt organization, go to www.irs.gov/charities. Enter "4221-PC" in the search bar to view Publication 4221-PC, Compliance Guide for 501(c)(3) Public Charities, which describes your recordkeeping, reporting, and disclosure requirements.




# ਅਪਲਾਈ ਕਰਨ ਲਈ ਸੁਝਾਅ

# ਟਿਪ #1: ਆਪਣੇ NAICS ਕੋਡ ਦੀ ਸਮੀਖਿਆ ਕਰੋ

ਯੋਗ ਬਿਨੇਕਾਰਾਂ ਨੂੰ ਉੱਤਰੀ ਅਮਰੀਕੀ ਉਦਯੋਗ ਵਰਗੀਕਰਨ ਸਿਸਟਮ (NAICS) ਸੰਹਿਤਾ ਜਾਂ ਰਾਸ਼ਟਰੀ ਟੈਕਸੋਨੋਮੀ ਛੋਟ-ਪ੍ਰਾਪਤ ਸੰਸਥਾਵਾਂ (NTEE) ਸੰਹਿਤਾ ਵਿੱਚੋਂ ਇਕ ਵਿੱਚ ਹੋਣਾ ਚਾਹੀਦਾ ਹੈ ਜੋ ਕਿ ਪੇਜ 5-6 'ਤੇ ਸੂਚੀਬੱਧ ਹੈ।

ਆਪਣੇ NAICS ਕੋਡ ਦੀ ਸਮੀਖਿਆ ਕਰਨ ਲਈ https://www.naics.com/search/ ’ਤੇ ਜਾਓ।



# ਟਿਪ #2: ਇਕ ਵੈਧ ਈਮੇਲ ਪਤੇ ਦਾ ਉਪਯੋਗ ਕਰੋ

**ਕਿਰਪਾ ਕਰ ਕੇ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਇਸ ਵੈਧ ਈਮੇਲ ਪਤੇ ਦਾ ਉਪਯੋਗ ਕਰ ਰਹੇ ਹੋ ਅਤੇ ਇਸ ਨੂੰ ਐਪਲੀਕੇਸ਼ਨ ਵਿੱਚ ਸਹੀ ਅੱਖਰਾਂ ਵਿੱਚ ਲਿਖਿਆ ਗਿਆ ਹੈ।**

- ਤੁਹਾਡੇ ਦੁਆਰਾ ਮੁਹੱਈਆ ਕਰਾਏ ਗਏ ਈਮੇਲ ਪਤੇ 'ਤੇ ਹੀ ਤੁਹਾਡੀ ਐਪਲੀਕੇਸ਼ਨ ਬਾਰੇ ਅੱਪਡੇਟਸ ਅਤੇ ਵਾਧੂ ਮਾਰਗ-ਦਰਸ਼ਨ ਭੇਜਿਆ ਜਾਵੇਗਾ। ਕਈ ਈਮੇਲ ਪਤਿਆਂ ਨੂੰ Lendistry ਸਿਸਟਮ ਵਿੱਚ ਪਛਾਣਿਆ ਨਹੀਂ ਜਾ ਸਕਦਾ ਅਤੇ ਇਸ ਕਾਰਨ ਤੁਹਾਡੀ ਐਪਲੀਕੇਸ਼ਨ ਦੇ ਸਬੰਧ ਵਿੱਚ ਸੰਚਾਰ ਨੂੰ ਲੈ ਕੇ ਦੇਰ ਹੋ ਸਕਦੀ ਹੈ।

**ਜੇਕਰ ਤੁਸੀਂ ਆਪਣੀ ਐਪਲੀਕੇਸ਼ਨ ਵਿੱਚ ਗਲਤ ਜਾਂ ਅਵੈਧ ਈ-ਮੇਲ ਪਤੇ ਦਾ ਉਪਯੋਗ ਕੀਤਾ ਹੈ, ਤਾਂ ਆਪਣੀ ਜਾਣਕਾਰੀ ਨੂੰ ਅੱਪਡੇਟ ਕਰਨ ਲਈ ਕਿਰਪਾ ਕਰ ਕੇ ਸਾਡੇ ਕਾਲ ਸੈਂਟਰ ਨਾਲ (888) 984-1173, ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 7:00 ਵਜੇ ਤੋਂ ਸ਼ਾਮ 7:00 PST ਤੱਕ ਸੰਪਰਕ ਕਰੋ।**

ਇਕ ਨਵੀਂ ਐਪਲੀਕੇਸ਼ਨ ਸਬਮਿਟ ਨਾ ਕਰੋ ਕਈ ਐਪਲੀਕੇਸ਼ਨਾਂ ਜਮਾਂ ਕੀਤੇ ਜਾਣ ਨੂੰ ਸੰਭਾਵਿਤ ਧੋਖਾਧੜੀ ਦੇ ਰੂਪ ਵਿੱਚ ਮੰਨਿਆ ਜਾ ਸਕਦਾ ਹੈ ਅਤੇ ਇਸ ਨਾਲ ਤੁਹਾਡੀ ਐਪਲੀਕੇਸ਼ਨ ਪ੍ਰਕਿਰਿਆ ਦੀ ਸਮੀਖਿਆ ਵਿੱਚ ਵਿਘਨ ਪੈ ਸਕਦਾ ਹੈ।

## ਅਵੈਧ ਈਮੇਲ ਪਤਾ

ਸਾਡੇ ਸਿਸਟਮ ਵਿੱਚ ਨਿਮਨਲਿਖਤ ਈਮੇਲ ਪਤੇ ਸਵੀਕਾਰ ਜਾਂ ਪਛਾਣੇ ਨਹੀਂ ਜਾਣਗੇ:

**Info@**

*ਨਾਲ ਸ਼ੁਰੂ* ਹੋਣ ਵਾਲੀਆਂ ਈਮੇਲਾਂ ਉਦਾਹਰਨ: info@mycompany.com

**@contact.com** ਜਾਂ **@noreply.com**

ਨਾਲ ਖਤਮ ਹੋਣ ਵਾਲੀਆਂ ਈਮੇਲਾਂ, ਉਦਾਹਰਨ ਲਈ:
mycompany@contact.com
ਉਦਾਹਰਨ: mycompany@noreply.com

# ਟਿਪ #3: ਆਪਣੇ ਦਸਤਾਵੇਜ਼ਾਂ ਨੂੰ PDF ਫਾਰਮੇਟ ਵਿੱਚ ਤਿਆਰ ਕਰੋ

**<u>ਸਾਰੇ ਲੋੜੀਂਦੇ ਦਸਤਾਵੇਜ਼ਾਂ ਨੂੰ ਸਿਰਫ PDF ਫਾਰਮੇਟ ਵਿੱਚ ਹੀ ਅੱਪਲੋਡ ਕੀਤਾ ਜਾਣਾ ਚਾਹੀਦਾ ਹੈ</u>**. ਦਸਤਾਵੇਜ਼ ਸਪੱਸ਼ਟ, ਸੇਧ ਵਿੱਚ, ਸਿੱਧੇ ਹੋਣੇ ਚਾਹੀਦੇ ਹਨ ਅਤੇ ਜਦੋਂ ਇਹਨਾਂ ਨੂੰ ਅੱਪਲੋਡ ਕੀਤਾ ਜਾਵੇ, ਤਾਂ ਇਹਨਾਂ ਵਿੱਚ ਕੋਈ ਵਿਘਨਕਾਰੀ ਬੈਗਗਰਾਉਂਡ ਸ਼ਾਮਲ ਨਹੀਂ ਹੋਣੀ ਚਾਹੀਦੀ।

ਦਸਤਾਵੇਜ਼ ਅੱਪਲੋਡ ਕਰਨ ਵਾਸਤੇ ਮਹੱਤਵਪੂਰਨ ਨੋਟਸ:

1. ਸਾਰੇ ਦਸਤਾਵੇਜ਼ PDF ਫਾਰਮੇਟ ਵਿੱਚ ਜਮਾਂ ਕੀਤਾ ਜਾਣੇ ਚਾਹੀਦੇ ਹਨ (ਸਾਰਕਾਰ ਦੁਆਰਾ ਜਾਰੀ ID PDF ਜਾਂ JPEG ਫਾਰਮੇਟ ਵਿੱਚ ਜਮਾਂ ਕੀਤੀ ਜਾ ਸਕਦੀ ਹੈ।
2. ਫਾਈਲ ਦਾ ਆਕਾਰ 15MB ਤੋਂ ਘੱਟ ਹੋਣਾ ਚਾਹੀਦਾ ਹੈ।
3. ਫਾਈਲ ਨਾਮ ਵਿੱਚ ਕੋਈ ਵਿਸ਼ੇਸ਼ ਅੱਖਰ (!@#$%^&*()_+) ਸ਼ਾਮਲ ਨਹੀਂ ਹੋ ਸਕਦਾ ਹੈ।
4. ਜੇਕਰ ਤੁਹਾਡੀ ਫਾਈਲ ਪਾਸਵਰਡ ਸੁਰੱਖਿਅਤ ਹੈ, ਤਾਂ ਤੁਹਾਨੂੰ ਇਸ ਨੂੰ ਦਾਖਲ ਕਰਨ ਦੀ ਲੋੜ ਪਵੇਗੀ।


**ਜੇਕਰ ਸਕੈਨਰ ਨਹੀਂ ਹੈ?**

ਅਸੀਂ ਇਕ ਫਰੀ ਮੋਬਾਈਲ ਸਕੈਨਿੰਗ ਐਪ ਡਾਉਨਲੋਡ ਅਤੇ ਇਸਤੇਮਾਲ ਕਰਨ ਦੀ ਸਿਫਾਰਸ਼ ਕਰਦੇ ਹਾਂ।

**Genius ਸਕੈਨ**
Apple | ਡਾਉਨਲੋਡ ਕਰਨ ਲਈ ਇੱਥੇ ਕਲਿੱਕ ਕਰੋ
Android | ਡਾਉਨਲੋਡ ਕਰਨ ਲਈ ਇੱਥੇ ਕਲਿੱਕ ਕਰੋ


**Adobe ਸਕੈਨ**
Apple | ਡਾਉਨਲੋਡ ਕਰਨ ਲਈ ਇੱਥੇ ਕਲਿੱਕ ਕਰੋ
Android | ਡਾਉਨਲੋਡ ਕਰਨ ਲਈ ਇੱਥੇ ਕਲਿੱਕ ਕਰੋ

**ਸੈਂਪਲ: ਸਹੀ ਅੱਪਲੋਡ**





ਦਸਤਾਵੇਜ਼ ਸਪੱਸ਼ਟ ਅਤੇ ਸੇਧ ਵਿੱਚ ਹਨ।

**ਸੈਂਪਲ: ਗਲਤ ਅੱਪਲੋਡ**




1




2

1. ਦਸਤਾਵੇਜ਼ ਸੇਧ ਵਿੱਚ ਅਤੇ ਸਿੱਧੇ ਨਹੀਂ ਹਨ।
2. ਦਸਤਾਵੇਜ਼ ਵਿੰਡੋ ਦੇ ਸਾਹਮਣੇ ਹੈ (ਰੁੱਝੀ ਹੋਈ ਬੈਕਗਰਾਉਂਡ) ਅਤੇ ਫੋਟੋ 'ਤੇ ਇਕ ਹੱਥ ਦਿਖਾਈ ਦੇ ਰਿਹਾ ਹੈ।

# ਟਿਪ #4: ਪਰਸੋਨਾ ਨੂੰ ਸਫਲਤਾਪੂਰਵਕ ਪੂਰਾ ਕਰਨ ਲਈ ਸਰਵੋਤਮ ਅਭਿਆਸਾਂ ਦੀ ਸਮੀਖਿਆ ਕਰੋ

## Persona ਕੀ ਹੈ?

Persona ਇਕ ਤੀਸਰੇ ਪੱਖ ਦਾ ਪਲੈਟਫਾਰਮ ਹੈ ਜਿਸ ਦਾ ਉਪਯੋਗ Lendistry ਦੁਆਰਾ ਧੋਖਾਧੜੀ ਦੀ ਰੋਕਥਾਮ ਅਤੇ ਅਲਪੀਕਰਨ ਪ੍ਰਕਿਰਿਆ ਲਈ ਕੀਤਾ ਜਾਂਦਾ ਹੈ। ਪਰਸੋਨਾ ਪਲੇਟਫਾਰਮ Lendistry ਨੂੰ ਕਿਸੇ ਵਿਅਕਤੀ ਦੀ ਪਛਾਣ ਨੂੰ ਤਸਦੀਕ ਕਰਨ ਅਤੇ ਵਿਅਕਤੀ ਦੀ ਸੈਲਫੀ ਨੂੰ ਉਸ ਦੇ ID ਤਸਵੀਰ ਨਾਲ 3-ਪੁਆਇੰਟ ਕੰਪੋਜਿਟ ਅਤੇ ਬਾਇਓਮੈਟਰਿਕ ਲਾਈਵਨੈੱਸ ਚੈੱਕ ਦੇ ਨਾਲ ਸਵੈਚਾਲਿਤ ਰੂਪ ਵਿੱਚ ਤੁਲਨਾ ਕਰ ਕੇ ਸਪੂਫਿੰਗ ਤੋਂ ਬਚਣ ਦੇ ਸਮਰੱਥ ਬਣਾਉਂਦਾ ਹੈ।

- ਬਿਨੇਕਾਰਾਂ ਨੂੰ ਸਰਕਾਰ ਦੁਆਰਾ ਜਾਰੀ ਇਕ ਵੈਧ ਫੋਟੋ ID ਦੀ ਤਸਵੀਰ ਅੱਪਲੋਡ ਕਰ ਕੇ ਪਰਸੋਨਾ ਦਾ ਉਪਯੋਗ ਕਰਦੇ ਹੋਏ ਆਪਣੀ ਪਛਾਣ ਦੀ ਤਸਦੀਕ ਕਰਨ ਦੀ ਲੋੜ ਪਵੇਗੀ।
  - ਸਰਕਾਰ ਦੁਆਰਾ ਜਾਰੀ ਫੋਟੋ ID ਦੇ ਸਵੀਕਾਰਯੋਗ ਰੂਪਾਂ ਵਿੱਚ ਸ਼ਾਮਲ ਹੈ:
  - ਡਰਾਈਵਿੰਗ ਲਾਈਸੈਂਸ;
  - ਯੂਨਾਈਟਡ ਸਟੇਟਸ ਪਾਸਪੋਰਟ; ਅਤੇ
  - ਰਾਜ ID.
- ਪਰਸੋਨਾ ਤਸਦੀਕ ਨੂੰ ਪੂਰਾ ਕਰਨ ਲਈ ਬਿਨੇਕਾਰਾਂ ਨੂੰ ਅੱਗੇ-ਵੱਲ ਕੈਮਰੇ ਵਾਲੀ ਡਿਵਾਈਸ ਦਾ ਉਪਯੋਗ ਕਰਦੇ ਹੋਏ ਇਕ ਸੈਲਫੀ ਵੀ ਲੈਣੀ ਪਵੇਗੀ।

## ਪਰਸੋਨਾ ਨੂੰ ਸਫਲਤਾਪੂਰਵਕ ਪੂਰਾ ਕਰਨ ਲਈ ਸਰਵੋਤਮ ਅਭਿਆਸ


1. ਇਕ ਅੱਗੇ-ਵੱਲ ਕੈਮਰਾ ਵਾਲੇ ਡਿਵਾਈਸ ਦਾ ਉਪਯੋਗ ਕਰੋ। ਜੇਕਰ ਤੁਸੀਂ ਕਿਸੇ ਅਜਿਹੇ ਲੈਪਟਾਪ ਜਾਂ ਕੰਪਿਊਟਰ 'ਤੇ ਆਪਣੀ ਐਪਲੀਕੇਸ਼ਨ 'ਤੇ ਕੰਮ ਕਰਦੇ ਹੋ ਜਿਸ ਵਿੱਚ ਕੈਮਰਾ ਨਹੀਂ ਹੈ, ਤਾਂ ਤੁਹਾਨੂੰ "ਕਿਸੇ ਹੋਰ ਡਿਵਾਈਸ 'ਤੇ ਜਾਰੀ ਰੱਖੋ" 'ਤੇ ਕਲਿੱਕ ਕਰ ਕੇ ਅਤੇ ਪ੍ਰਦਾਨ ਕੀਤੇ ਗਏ QR ਕੋਡ ਨੂੰ ਸਕੈਨ ਕਰ ਕੇ ਜਾਂ ਬੇਨਤੀ ਕਰ ਕੇ ਕਿਸੇ ਵੀ ਸਮੇਂ ਮੋਬਾਈਲ ਡਿਵਾਈਸ ਦਾ ਉਪਯੋਗ ਕਰ ਕੇ SMS ਜਾਂ ਈਮੇਲ ਦੇ ਮਾਧਿਅਮ ਨਾਲ ਇਕ ਲਿੰਕ ਰਾਹੀਂ ਪਰਸੋਨਾ ਨੂੰ ਪੂਰਾ ਕਰਨ ਦਾ ਵਿਕਲਪ ਦਿੱਤਾ ਜਾਵੇਗਾ।
   - ਜਦੋਂ ਤੁਸੀਂ ਆਪਣੀ ਮੋਬਾਈਲ ਡਿਵਾਈਸ 'ਤੇ ਪਰਸੋਨਾ ਨੂੰ ਪੂਰਾ ਕਰ ਲੈਂਦੇ ਹੋ, ਤਾਂ ਤੁਸੀਂ ਆਪਣੇ ਲੈਪਟਾਪ ਜਾਂ ਕੰਪਿਊਟਰ 'ਤੇ ਆਪਣੀ ਐਪਲੀਕੇਸ਼ਨ 'ਤੇ ਸਵੈਚਾਲਿਤ ਰੂਪ ਵਿੱਚ ਰੀਡਾਇਰੈਕਟ ਹੋ ਜਾਵੋਗੇ।
2. ਪਰਸੋਨਾ ਸ਼ੁਰੂ ਕਰਨ ਤੋਂ *ਪਹਿਲਾਂ* ਸਰਕਾਰ ਦੁਆਰਾ ਜਾਰੀ ਆਪਣੀ ID ਦੇ ਅੱਗੇ ਅਤੇ ਪਿੱਛੇ ਦੀ ਇਕ ਤਸਵੀਰ ਲਓ ਅਤੇ ਇਸ ਨੂੰ ਉਸ ਡਿਵਾਈਸ 'ਤੇ ਸੇਵ ਕਰੋ ਜਿਸ ਦਾ ਉਪਯੋਗ ਤੁਸੀਂ ਆਪਣੀ ਸੈਲਫੀ ਲੈਣ ਲਈ ਕੁਸ਼ਲ ਹੋਣ ਲਈ ਕਰੋਗੇ।
   - ਸਰਕਾਰ ਦੁਆਰਾ ਜਾਰੀ ਆਪਣੀ ID ਨੂੰ ਇਕ ਸਾਦੀ ਸਫੈਦ ਸਤਹਾ 'ਤੇ ਰੱਖੋ ਅਤੇ ਉੱਚਿਤ ਰੌਸ਼ਨੀ ਦਾ ਉਪਯੋਗ ਕਰੋ।
   - ਫਲੈਸ਼ ਦਾ ਉਪਯੋਗ ਨਾ ਕਰੋ ਕਿਉਂਕਿ ਇਸ ਨਾਲ ਚਕਾਚੌਂਧ ਹੋ ਸਕਦੀ ਹੈ।
3. ਜਦੋਂ ਤੁਸੀਂ ਸੈਲਫੀ ਲੈ ਰਹੇ ਹੋਵੋ, ਤਾਂ ਆਪਣੇ ਚਿਹਰੇ 'ਤੇ ਉੱਚਿਤ ਰੌਸ਼ਨੀ ਦਾ ਉਪਯੋਗ ਕਰੋ ਜਦਕਿ ਪਿੱਛੇ ਤੋਂ ਉੱਜਵਲ ਰੌਸ਼ਨੀ ਦੇ ਸਰੋਤਾਂ ਤੋਂ ਬਚੋ।
   - ਇਕ ਖਾਲੀ ਦੀਵਾਰ ਜਾਂ ਦਰਵਾਜ਼ੇ ਦਾ ਸਾਹਮਣੇ ਖੜੇ ਹੋਵੋ ਅਤੇ ਅਸਤ-ਵਿਅਸਤ ਪਿੱਠਭੂਮੀ ਤੋਂ ਬਚੋ।
   - ਫਲੈਸ਼ ਦਾ ਉਪਯੋਗ ਨਾ ਕਰੋ ਕਿਉਂਕਿ ਇਸ ਨਾਲ ਚਕਾਚੌਂਧ ਹੋ ਸਕਦੀ ਹੈ।


*ਅਗਲੇ ਪੇਜ ਨੂੰ ਜਾਰੀ ਰੱਖੋ*

# ਪਰਸੋਨਾ ਨੂੰ ਕਿਵੇਂ ਪੂਰਾ ਕਰੀਏ

## ਕਦਮ 1


"**ਤਸਦੀਕ ਕਰਨੀ ਸ਼ੁਰੂ ਕਰੋ**" 'ਤੇ ਕਲਿੱਕ ਕਰੋ, ਅਤੇ ਫਿਰ ਸਰਕਾਰ ਦੁਆਰਾ ਜਾਰੀ ਉਸ ID ਦੀ ਕਿਸਮ ਦੀ ਚੋਣ ਕਰੋ ਜਿਸ ਦਾ ਉਪਯੋਗ ਤੁਸੀਂ ਆਪਣੀ ਪਛਾਣ ਦੀ ਤਸਦੀਕ ਕਰਨ ਲਈ ਕਰੋਗੇ।





## ਕਦਮ 2

ਆਪਣੀ ID ਦੇ **ਸਾਹਮਣੇ** ਵਾਲੇ ਪਾਸੇ ਦੀ ਇਕ ਤਸਵੀਰ ਲਓ ਜਾਂ ਅੱਪਲੋਡ ਕਰੋ। ਜਾਰੀ ਰੱਖਣ ਲਈ "ਇਸ ਫਾਈਲ ਦਾ ਉਪਯੋਗ ਕਰੋ" ਦੀ ਚੋਣ ਕਰੋ। ਇਸ ਕਦਮ ਨੂੰ ਕਿਵੇਂ ਪੂਰਾ ਕਰਨਾ ਹੈ ਇਸ ਬਾਰੇ ਸਰਵੋਤਮ ਅਭਿਆਸਾਂ ਲਈ ਸਫ਼ਾ 26 ਦੇਖੋ।









*ਅਗਲੇ ਪੇਜ ਨੂੰ ਜਾਰੀ ਰੱਖੋ*

# ਪਰਸੋਨਾ ਨੂੰ ਕਿਵੇਂ ਪੂਰਾ ਕਰੀਏ

## ਕਦਮ 3


ਆਪਣੀ ID ਦੇ ਪਿਛਲੇ ਪਾਸੇ ਦੀ ਇਕ ਤਸਵੀਰ ਲਵੋ ਜਾਂ ਅੱਪਲੋਡ ਕਰੋ। ਜਾਰੀ ਰੱਖਣ ਲਈ “ਇਸ ਫਾਈਲ ਦਾ ਉਪਯੋਗ ਕਰੋ” ਦੀ ਚੋਣ ਕਰੋ। ਇਸ ਕਦਮ ਨੂੰ ਕਿਵੇਂ ਪੂਰਾ ਕਰਨਾ ਹੈ ਇਸ ਬਾਰੇ ਸਰਵੋਤਮ ਅਭਿਆਸਾਂ ਲਈ ਸਫ਼ 26 ਦੇਖੋ।





## ਕਦਮ 4

ਅੱਗੇ ਵੱਲ ਕੈਮਰੇ ਵਾਲੀ ਡਿਵਾਈਸ ਦੀ ਵਰਤੋਂ ਕਰਦੇ ਹੋਏ ਸਕਰੀਨ 'ਤੇ ਪਰੋਂਪਟ ਦੀ ਪਾਲਣਾ ਕਰ ਕੇ ਅੱਗੇ ਵੱਲ, ਖੱਬੇ ਅਤੇ ਫਿਰ ਸੱਜੇ ਪਾਸੇ ਦੇਖਦੇ ਹੋਏ ਸੈਲਫੀ ਲਵੋ। ਇਸ ਕਦਮ ਨੂੰ ਕਿਵੇਂ ਪੂਰਾ ਕਰਨਾ ਹੈ ਇਸ ਬਾਰੇ ਸਰਵੋਤਮ ਅਭਿਆਸਾਂ ਲਈ ਸਫ਼ਾ 26 ਦੇਖੋ। ਇਕ ਵਾਰ ਪੂਰਾ ਹੋ ਜਾਣ 'ਤੇ, “ਹੋ ਗਿਆ” ਦੀ ਚੋਣ ਕਰੋ ਅਤੇ ਤੁਸੀਂ ਐਪਲੀਕੇਸ਼ਨ 'ਤੇ ਵਾਪਸ ਭੇਜੇ ਜਾਵੋਗੇ।



# ਟਿਪ #5: Google Chrome ਦੀ ਵਰਤੋਂ ਕਰੋ

ਸਰਵੋਤਮ ਉਪਭੋਗਤਾ ਅਨੁਭਵ ਲਈ, ਕਿਰਪਾ ਕਰ ਕੇ ਪੂਰੀ ਐਪਲੀਕੇਸ਼ਨ ਪ੍ਰਕਿਰਿਆ ਦੌਰਾਨ Google Chrome ਦਾ ਉਪਯੋਗ ਕਰੋ।

ਹੋਰ ਵੈਬ ਬਰਾਉਸਰ ਸਾਡੇ ਇੰਟਰਫੇਸ ਦਾ ਸਮਰਥਨ ਨਾ ਕਰਦੇ ਹੋ ਸਕਦੇ ਹਨ ਅਤੇ ਇਸ ਕਾਰਨ ਤੁਹਾਡੀ ਐਪਲੀਕੇਸ਼ਨ ਵਿੱਚ ਤਰੁੱਟੀਆਂ ਹੋ ਸਕਦੀਆਂ ਹਨ।

ਜੇਕਰ ਤੁਹਾਡੀ ਡਿਵਾਈਸ ਵਿੱਚ Google Chrome ਨਹੀਂ ਹੈ, ਤਾਂ ਤੁਸੀਂ ਇਸ ਨੂੰ https://www.google.com/chrome/ ਤੋਂ ਮੁਫਤ ਡਾਊਨਲੋਡ ਕਰ ਸਕਦੇ ਹੋ।

ਆਪਣੀ ਐਪਲੀਕੇਸ਼ਨ ਨੂੰ ਸ਼ੁਰੂ ਕਰਨ ਤੋਂ ਪਹਿਲਾਂ, ਕਿਰਪਾ ਕਰ ਕੇ Google Chrome ’ਤੇ ਨਿਮਨਲਿਖਤ ਚੀਜ਼ਾਂ ਕਰੋ:

1. **ਆਪਣਾ ਕੈਸ਼ੇ ਸਾਫ ਕਰੋ**
2. **ਇਨਕੋਗਨੀਟੋ ਮੋਡ ਦੀ ਵਰਤੋਂ ਕਰੋ**
3. **ਪਾੱਪ-ਅੱਪ ਬਲੋਕਰ ਨੂੰ ਡਿਸੇਬਲ ਕਰੋ**

## ਆਪਣਾ ਕੈਸ਼ੇ ਸਾਫ ਕਰੋ

ਕੈਸ਼ ਕੀਤਾ ਡੈਟਾ ਉਹ ਜਾਣਕਾਰੀ ਹੈ, ਜੋ ਕਿ ਪਹਿਲਾਂ ਉਪਯੋਗ ਕੀਤੀ ਗਈ ਵੈਬਸਾਈਟ ਜਾਂ ਐਪਲੀਕੇਸ਼ਨ ਤੋਂ ਇਕੱਠੀ ਕੀਤੀ ਗਈ ਹੈ ਅਤੇ ਮੁੱਢਲੇ ਰੂਪ ਵਿੱਚ ਤੁਹਾਡੀ ਜਾਣਕਾਰੀ ਨੂੰ ਆਟੋ-ਪਾਪੂਲੇਟ ਕਰ ਕੇ ਬਰਾਊਜ਼ਿੰਗ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਉਪਯੋਗ ਕੀਤੀ ਜਾਂਦੀ ਹੈ। ਹਾਲਾਂਕਿ, ਕੈਸ਼ ਕੀਤਾ ਡੈਟਾ ਵਿੱਚ ਪੁਰਾਣੀ ਜਾਣਕਾਰੀ, ਜਿਵੇਂਕਿ ਪੁਰਾਣੇ ਪਾਸਵਰਡ ਜਾਂ ਫਿਰ ਤੁਹਾਡੇ ਦੁਆਰਾ ਪਹਿਲਾਂ ਦਰਜ ਕੀਤੀ ਗਈ ਗਲਤ ਜਾਣਕਾਰੀ ਵੀ ਸ਼ਾਮਲ ਹੋ ਸਕਦੀ ਹੈ। ਇਹ ਤੁਹਾਡੀ ਬੇਨਤੀ ਵਿੱਚ ਤਰੁੱਟੀਆਂ ਪੈਦਾ ਕਰ ਸਕਦਾ ਹੈ ਅਤੇ ਇਸ ਦੇ ਨਤੀਜੇ ਵਜੋਂ ਸੰਭਾਵਿਤ ਧੋਖਧੜੀ ਲਈ ਫਲੈਗ ਕੀਤਾ ਜਾ ਸਕਦਾ ਹੈ।

## ਇਨਕੋਗਨੀਟੋ ਮੋਡ ਦੀ ਵਰਤੋਂ ਕਰੋ

ਇਨਕੋਗਨੀਟੋ ਮੋਡ ਤੁਹਾਨੂੰ ਨਿੱਜੀ ਤੌਰ ’ਤੇ ਜਾਣਕਾਰੀ ਦਰਜ ਕਰਨ ਦੀ ਇਜਾਜ਼ਤ ਦਿੰਦਾ ਹੈ ਅਤੇ ਤੁਹਾਡੇ ਡੈਟਾ ਨੂੰ ਯਾਦ ਰੱਖਣ ਜਾਂ ਕੈਸ਼ ਕੀਤੇ ਜਾਣ ਤੋਂ ਰੋਕਦਾ ਹੈ।

## ਪਾੱਪ-ਅੱਪ ਬਲੋਕਰ ਨੂੰ ਡਿਸੇਬਲ ਕਰੋ


ਸਾਡੀ ਐਪਲੀਕੇਸ਼ਨ ਵਿੱਚ ਕਈ ਪਾੱਪ-ਅੱਪ ਸੰਦੇਸ਼ ਸ਼ਾਮਲ ਹਨ ਜਿਹਨਾਂ ਦਾ ਉਪਯੋਗ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਦੀ ਸਟੀਕਤਾ ਦੀ ਪੁਸ਼ਟੀ ਕਰਨ ਲਈ ਕੀਤਾ ਜਾ ਸਕਦਾ ਹੈ। ਇਹਨਾਂ ਸੰਦੇਸ਼ਾਂ ਨੂੰ ਦੇਖਣ ਲਈ ਤੁਹਾਨੂੰ Google Chrome ’ਤੇ ਪੋਪ-ਅੱਪ ਬਲੌਕਰ ਨੂੰ ਸਮਰੱਥ ਬਨਾਉਣਾ ਪਵੇਗਾ।

*ਅਗਲੇ ਪੇਜ ਨੂੰ ਜਾਰੀ ਰੱਖੋ*

# ਆਪਣੇ ਕੈਸ਼ੇ ਨੂੰ ਕਿਸ ਤਰਾਂ ਸਾਫ ਕਰਨਾ ਹੈ


## ਕਦਮ 1

ਇਕ ਨਵੀਂ Google Chrome ਵਿੰਡੋ ਖੋਲੋ, ਉੱਪਰ ਸੱਜੇ ਕੋਨੇ ਵਿੱਚ ਤਿੰਨ ਡੋਟਸ 'ਤੇ ਕਲਿੱਕ ਕਰੋ ਅਤੇ ਫਿਰ "**ਸੈਟਿੰਗ**" 'ਤੇ ਜਾਓ।





## ਕਦਮ 2

"**ਗੋਪਨੀਯਤਾ ਅਤੇ ਸੁਰੱਖਿਆ**", 'ਤੇ ਜਾਓ, ਅਤੇ ਫਿਰ "**ਬਰਾਊਜ਼ਿੰਗ ਡੈਟਾ ਸਾਫ ਕਰੋ**।"




## ਕਦਮ 3

"**ਡੈਟਾ ਸਾਫ ਕਰੋ**" ਦੀ ਚੋਣ ਕਰੋ।





*ਅਗਲੇ ਪੇਜ ਨੂੰ ਜਾਰੀ ਰੱਖੋ*

# ਇਨਕੋਗਨੀਟੋ ਮੋਡ ਦਾ ਉਪਯੋਗ ਕਿਵੇਂ ਕਰਨਾ ਹੈ


## ਕਦਮ 1

ਆਪਣੇ ਵੈਬ ਬਰਾਊਜ਼ਰ ਦੇ ਉੱਪਰ ਸੱਜੇ ਕੋਨੇ 'ਤੇ ਤਿੰਨ ਡੋਟਸ 'ਤੇ ਕਲਿੱਕ ਕਰੋ, ਅਤੇ ਫਿਰ "**ਨਵਾਂ ਇਨਕੋਗਨੀਟੋ ਵਿੰਡੋ**" ਦੀ ਚੋਣ ਕਰੋ।




## ਕਦਮ 2

ਤੁਹਾਡਾ ਬਰਾਊਜ਼ਰ ਇਕ ਨਵੀਂ Google Chrome ਵਿੰਡੋ ਵਿੱਚ ਖੁੱਲ ਜਾਵੇਗਾ। ਪੂਰੀ ਐਪਲੀਕੇਸ਼ਨ ਪ੍ਰਕਿਰਿਆ ਦੇ ਦੌਰਾਨ ਇਨਕੋਗਨੀਟੋ ਮੋਡ ਦਾ ਉਪਯੋਗ ਕਰੋ।





*ਅਗਲੇ ਪੇਜ ਨੂੰ ਜਾਰੀ ਰੱਖੋ*

# ਪੌਪ-ਅੱਪ ਬਲੋਕਰਸ ਨੂੰ ਕਿਵੇਂ ਅਯੋਗ ਕਰਨਾ ਹੈ


## ਕਦਮ 1

ਇਕ ਨਵੀਂ Google Chrome ਵਿੰਡੋ ਖੋਲੋ, ਉੱਪਰ ਸੱਜੇ ਕੋਨੇ ਵਿੱਚ ਤਿੰਨ ਡੋਟਸ ’ਤੇ ਕਲਿੱਕ ਕਰੋ ਅਤੇ ਫਿਰ “**ਸੈਟਿੰਗ**” ’ਤੇ ਜਾਓ।





## ਕਦਮ 2

“**ਗੋਪਨੀਯਤਾ ਅਤੇ ਸੁਰੱਖਿਆ**”, ’ਤੇ ਜਾਓ, ਅਤੇ ਫਿਰ “**ਸਾਈਟ ਸੈਟਿੰਗ** ਦੀ ਚੋਣ ਕਰੋ।”




## ਕਦਮ 3

“**ਪੌਪ-ਅੱਪ ਅਤੇ ਰੀਡਾਇਰੈਕਟਸ** ਦੀ ਚੋਣ ਕਰੋ।” ਬਟਨ ’ਤੇ ਕਲਿੱਕ ਕਰੋ ਤਾਂ ਜੋ ਕਿ ਇਹ ਨੀਲਾ ਹੋ ਜਾਵੇ ਅਤੇ ਇਸ ਦਾ ਸਟੇਟਸ “**ਬਲੌਕ**” ਤੋਂ “**ਮਨਜ਼ੂਰ** ਵਿੱਚ ਬਦਲ ਜਾਵੇ।”





# ਐਪਲੀਕੇਸ਼ਨ ਪ੍ਰਕਿਰਿਆ

# ਐਪਲੀਕੇਸ਼ਨ ਪ੍ਰਕਿਰਿਆ

### ਮੈਨੂੰ ਇਹ ਕਿਸ ਤਰਾਂ ਪਤਾ ਚੱਲੇਗਾ ਕਿ ਮੈਨੂੰ ਗਰਾਂਟ ਮਿਲ ਗਈ ਹੈ?

ਇਸ ਪ੍ਰੋਗਰਾਮ ਦੀ ਐਪਲੀਕੇਸ਼ਨ ਪ੍ਰਕਿਰਿਆ ਲਈ ਕਈ ਸਟੇਜਾਂ ’ਤੇ ਤਸਦੀਕ ਸ਼ਾਮਲ ਹੈ। ਗਰਾਂਟ ਲਈ ਵਿਚਾਰ ਕੀਤੇ ਜਾਣ ਤੋਂ ਪਹਿਲਾਂ ਤੁਹਾਨੂੰ ਪ੍ਰੋਗਰਾਮ ਦੀਆਂ ਨਿਊਨਤਮ ਪਾਤਰਤਾ ਲੋੜਾਂ ਨੂੰ ਪੂਰਾ ਕਰਨਾ ਪਵੇਗਾ। **ਮਹੱਤਵਪੂਰਨ ਨੋਟ: ਪਾਤਰਤਾ ਲੋੜਾਂ ਨੂੰ ਪੂਰਾ ਕਰਨਾ ਹੀ ਗਰਾਂਟ ਪੁਰਸਕਾਰ ਮਿਲਣ ਦੀ ਗਾਰੰਟੀ ਨਹੀਂ ਹੈ।**

ਇਕ ਵਾਰ ਜਦੋਂ ਤੁਸੀਂ ਇਸ ਪ੍ਰੋਗਰਾਮ ਦੀ ਪਾਤਰਤਾ ਲਈ ਯੋਗ ਹੋ ਜਾਵੋ, ਤਾਂ ਤੁਹਾਡੀ ਐਪਲੀਕੇਸ਼ਨ ਦੀ ਇਹ ਨਿਰਧਾਰਨ ਕਰਨ ਲਈ ਆਖਰੀ ਤਸਦੀਕ ਕੀਤੀ ਜਾਵੇਗੀ ਕਿ ਕੀ ਤੁਸੀਂ ਫੰਡਿੰਗ ਦੇ ਯੋਗ ਹੋ ਜਾਂ ਨਹੀਂ। ਤਸਦੀਕ ਪ੍ਰਕਿਰਿਆ ਦੇ ਇਕ ਹਿੱਸੇ ਵਜੋਂ **ਤੁਹਾਨੂੰ ਟੈਲੀਫੋਨ ’ਤੇ ਕੁਝ ਜਾਣਕਾਰੀ ਦੀ ਲਾਈਵ ਪੁਸ਼ਟੀ ਕਰਨ ਦੀ ਲੋੜ ਪਵੇਗੀ।** Lendistry ਟੀਮ ਦਾ ਇਕ ਸਦੱਸ ਇਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਸਿੱਧੇ ਤੁਹਾਡੇ ਤੱਕ ਪਹੁੰਚ ਕਰੇਗਾ।

ਇਕ ਵਾਰ ਜਦੋਂ ਤੁਹਾਡੀ ਐਪਲੀਕੇਸ਼ਨ ਦੀ ਪੂਰੀ ਤਰਾਂ ਨਾਲ ਤਸਦੀਕ ਹੋ ਜਾਂਦੀ ਹੈ, ਤਾਂ ਤੁਹਾਨੂੰ ਇਹ ਸੂਚਿਤ ਕਰਨ ਲਈ Lendistry ਤੋਂ ਇਕ ਈਮੇਲ ਹਾਸਲ ਹੋਵੇਗੀ ਕਿ ਕੀ ਤੁਹਾਨੂੰ ਗਰਾਂਟ ਫੰਡਿੰਗ ਲਈ ਅਨੁਮਤੀ ਮਿਲੀ ਹੈ ਜਾਂ ਨਹੀਂ।

### ਮੈਂ ਆਪਣੀ ਐਪਲੀਕੇਸ਼ਨ ਦੇ ਸਟੇਟਸ ਦੀ ਜਾਂਚ ਕਿਵੇਂ ਕਰਾਂ?

ਤੁਸੀਂ ਕਿਸੇ ਵੀ ਸਮੇਂ ਆਪਣੇ ਦੁਆਰਾ ਉਪਭੋਗਕਰਤਾ ਨਾਮ, ਪਾਸਵਰਡ ਅਤੇ ਮੋਬਾਈਲ ਨੰਬਰ ਦਾ ਉਪਯੋਗ ਕਰਦੇ ਹੋਏ Lendistry ਦੇ ਪੋਰਟਲ ਵਿੱਚ ਸਾਈਨ ਇਨ ਕਰਦੇ ਹੋਏ ਆਪਣੀ ਐਪਲੀਕੇਸ਼ਨ ਦੀ ਸਥਿਤੀ ਦੀ ਜਾਂਚ ਕਰ ਸਕਦੇ ਹੋ। ਇਕ ਵਾਰ ਸਾਈਨ ਇਨ ਕਰਨ ਤੋਂ ਬਾਅਦ, ਤੁਹਾਡਾ ਸਟੇਟਸ ਡੈਸ਼ਬੋਰਡ ’ਤੇ ਦਿਖਾਈ ਦੇਵੇਗਾ।

**Lendistry ਦੇ ਪੋਰਟਲ 'ਤੇ ਇੱਥੇ ਸਾਈਨ ਇਨ ਕਰੋ:**
cavenues.mylendistry.com/landing

### ਮੇਰੇ ਦਸਤਾਵੇਜ਼ਾਂ ਅਤੇ ਬੈਂਕ ਜਾਣਕਾਰੀ ਨੂੰ ਪੂਰੀ ਤਰਾਂ ਮਾਨਤਾ ਮਿਲ ਗਈ ਹੈ ਅਤੇ ਮੈਂ ਫੰਡਿੰਗ ਲਈ ਮਨਜ਼ੂਰੀ ਦੇ ਦਿੱਤੀ ਗਈ ਹੈ। ਮੈਂ ਫੰਡਿੰਗ ਕਦੋਂ ਹਾਸਲ ਕਰਾਂਗਾ?

ਜਦੋਂ ਤੁਹਾਡੀ ਐਪਲੀਕੇਸ਼ਨ ਪੂਰੀ ਤਰਾਂ ਨਾਲ ਤਸਦੀਕ ਅਤੇ ਗਰਾਂਟ ਲਈ ਮਨਜ਼ੂਰ ਹੋ ਜਾਂਦੀ ਹੈ, ਤਾਂ ਤੁਹਾਡਾ ਗਾਰੰਟੀ ਸਮਝੌਤਾ ਅਤੇ W-9 ਫਾਰਮ Lendistry ਦੇ ਪੋਰਟਲ ’ਤੇ **DocuSign ਦਸਤਾਵੇਜ਼** ਵਜੋਂ ਤੁਹਾਡੇ ਲਈ ਉਪਲੱਬਧ ਹੋ ਜਾਵੇਗਾ। ਕਿਰਪਾ ਕਰ ਕੇ ਸਾਈਨ ਇਨ ਕਰੋ ਅਤੇ ਦੋਨਾਂ ਦਸਤਾਵੇਜ਼ਾਂ ਦੇ ਮੁੱਢਲੇ, ਹਸਤਾਖਰ ਅਤੇ ਮਿਤੀ ਲਈ DocuSign ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ।

**Lendistry ਦੇ ਪੋਰਟਲ 'ਤੇ ਇੱਥੇ ਸਾਈਨ ਇਨ ਕਰੋ:**
cavenues.mylendistry.com/landing

**ਮਹੱਤਵਪੂਰਨ ਨੋਟ: ਜਦੋਂ ਤੱਕ ਇਹ ਪੂਰਾ ਨਹੀਂ ਹੋ ਜਾਂਦਾ ਤੁਹਾਡੀ ਰਕਮ ਜਾਰੀ ਨਹੀਂ ਕੀਤੇ ਜਾਣਗੇ।**

# ਕੈਲੀਫੋਰਨੀਆ ਸਮਾਗਮ ਸਥਲ ਅਨੁਦਾਨ ਪ੍ਰੋਗਰਾਮ

ਇਸ ਪ੍ਰੋਗਰਾਮ ਨੂੰ ਕੈਲੀਫੋਰਨੀਆ ਰਾਜ ਦੁਆਰਾ ਵਿੱਤ ਪੋਸ਼ਿਤ ਕੀਤਾ ਗਿਆ ਹੈ ਅਤੇ ਇਸ ਦਾ ਸੰਚਾਲਨ CalOSBA ਦੁਆਰਾ ਕੀਤਾ ਜਾਂਦਾ ਹੈ।

## ਕਾਲ ਸੈਂਟਰ

## 888-984-1173

**ਸੋਮਵਾਰ – ਸ਼ੁੱਕਰਵਾਰ**

**ਸਵੇਰੇ 7:00 ਵਜੇ – ਸ਼ਾਮ 7:00 ਵਜੇ PST**

ਤੇਜ਼ ਲਿੰਕਸ:

ਪ੍ਰੋਗਰਾਮ ਬਾਰੇ ਸੰਖੇਪ ਜਾਣਕਾਰੀ

ਪਰਿਭਾਸ਼ਾਵਾਂ

ਅਯੋਗ ਵਪਾਰ

ਫੰਡਸ ਦੀ ਯੋਗ ਵਰਤੋਂ

ਲੋੜੀਂਦਾ ਦਸਤਾਵੇਜ਼

ਐਪਲੀਕੇਸ਼ਨ ਸਰਟੀਫਿਕੇਸ਼ਨ ਨੂੰ ਕਿਵੇਂ ਪੂਰਾ ਕਰੀਏ

ਲੋੜੀਂਦੇ ਦਸਤਾਵੇਜ਼ਾਂ ਦੀ ਉਦਾਹਰਨ

ਅਪਲਾਈ ਕਰਨ ਲਈ ਸੁਝਾਅ

ਐਪਲੀਕੇਸ਼ਨ ਪ੍ਰਕਿਰਿਆ

